
# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine




ਸੰਪਾਦਕ
ਡਾ. ਜਾਗੀਰ ਸਿੰਘ

ਜੂਨ ੨੦੨੬



# ਡ

ਡੋਲੇਂ ਕਾਹਨੂੰ ਫਿਰਦਾ ਬੰਦਿਆ,
ਤੇਰਾ ਰਬ ਸਹਾਈ ਹੂ।
ਦੁਖ ਔਕੜਾਂ ਕਿੰਨੀਆਂ ਆਵਨ,
ਰਹਿਵਣ ਮੂਲ ਨ ਕਾਈ ਹੂ।
ਵਿਚ ਭਰੋਸੇ ਰਬ ਦੇ ਰਹਿੰਦੇ,
ਵੇਖੇ ਸਬ ਖ਼ੁਦਾਈ ਹੂ।
ਸੰਤੋਖ, ਬੇੜੇ ਸਿਦਕਾਂ ਦੇ ਤਰਦੇ,
ਤੂੰ ਭੀ ਪੈ ਸ਼ਰਨਾਈ ਹੂ।

ਪੁਸਤਕ - ਗੁੱਝੀਆਂ ਰਮਜ਼ਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

**ਸੰਪਾਦਕ**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ


**AMRIT KIRTAN TRUST**

**SCAN & PAY**

UPI ID: drjagirsingh@sbi


**ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 98556 40630
e-mail: drjagirsingh@gmail.com
Website : http://www.amritkirtan.com



* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਕਰਉ ਬੇਨੰਤੀਆ**
ਔਰੰਗਜ਼ੇਬ, ਸਰਮਦ ਅਤੇ ਗੁਰਮਤਿ ਵਿੱਚ ਸ਼ਹੀਦੀ 2

**ਗੁਰੂ ਗਰੰਥ ਸਾਹਿਬ ਅਨੁਸਾਰ ਕੀਰਤਨ ਕਰਨ ਦੇ ਲਾਭ** 5
ਡਾ. ਸਰਬਜੀਤ ਸਿੰਘ

**ਰਾਗ ਸਾਰੰਗ** 20
ਪ੍ਰਿੰ: ਦਿਆਲ ਸਿੰਘ


**ਮੈਗਜੀਨ ਦਾ ਸਾਲਾਨਾ ਚੰਦਾ 600/-ਰੁਪਏ**
**ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ।**
**AMRIT KIRTAN TRUST**
Saving Bank A/c No. 65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No., Name & Address and also the deposit details to enable us to send you the receipt.

**DONATIONS TO AMRIT KIRTAN TRUST**
Cheques/Drafts should be sent in the name of AMRIT KIRTAN TRUST payable at Mohali. Donations can also be sent by money order at the address AMRIT KIRTAN TRUST (Regd.) 422, Sector 15-A,Chandigarh-160015. The Donations can be made by Electronic Transfer.
Bank details :
**AMRIT KIRTAN TRUST**
Saving Bank A/c No. 65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address and also the deposit details to enable us to send you the receipt.

# ਔਰੰਗਜ਼ੇਬ, ਸਰਮਦ ਅਤੇ ਗੁਰਮਤਿ ਵਿੱਚ ਸ਼ਹੀਦੀ

ਔਰੰਗਜ਼ੇਬ ਨੇ ਇਕ ਆਦਮੀ ਨੂੰ ਸੂਲੀ ਦਿਤੀ, ਸਰਮਰਦ ਨੂੰ ਸਿਰਫ ਇੱਕ ਛੋਟੀ ਜਿਹੀ ਗੱਲ ਉੱਤੇ।ਅਤੇ ਉਹ ਗੱਲ ਕੇਵਲ ਇੰਨੀ ਸੀ ਕਿ ਸਰਮਦ ਪਵਿੱਤਰ ਕੁਰਾਨ ਦੇ ਇੱਕ ਵਾਕ ਨੂੰ ਪੂਰਾ ਨਹੀਂ ਸੀ ਬੋਲਦਾ। ਕੁਰਾਨ ਦੀ ਇੱਕ ਆਇਤ ਹੈ, ਮੁਸਲਮਾਨ ਜਿਸਨੂੰ ਨਿਰੰਤਰ ਪੁਰਾ ਦੁਹਰਾਉਂਦੇ ਹਨ, ਅਤੇ ਇਹ ਬੜੀ ਕੀਮਤੀ ਹੈ - ਕੋਈ ਅਲਾਹ ਨਹੀਂ, ਸਿਵਾਇ ਇੱਕ ਅਲਾਹ ਦੇ।ਕੋਈ ਅਲਾਹ ਨਹੀਂ, ਸਿਵਾਇ ਇੱਕ ਅਲਾਹ ਦੇ।ਪਰ ਸਰਮਦ ਕਹਿੰਦਾ ਸੀ ਕੇਵਲ ਇੰਨਾ ਹੀ - ਕੋਈ ਅਲਾਹ ਨਹੀਂ ਹੈ।ਅੱਧਾ ਹੀ ਬੋਲਦਾ, ਕੋਈ ਅਲਾਹ ਨਹੀਂ ਹੈ। ਜਿਹੜਾ ਵਾਕ ਹੈ ਉਹੀ ਬੋਲਦਾ ਹਾਂ, ਕਾਜ਼ੀ ਪਰੇਸ਼ਾਨ ਹੋ ਗਏ।ਉਹਨਾਂ ਨੇ ਔਰੰਗਜ਼ੇਬ ਕੋਲ ਸ਼ਿਕਾਇਤ ਕੀਤੀ। ਸਰਮਦ ਨੂੰ ਬੁਲਾਇਆ ਗਿਆ। ਸਰਮਦ ਨੂੰ ਪੁਛਿਆ ਤਾਂ ਉਸ ਨੇ ਕਿਹਾ ਕਿ ਮੈਂ ਗਲਤ ਨਹੀਂ ਬੋਲਦਾ। ਮੈਂ ਕੇਵਲ ਅੱਧਾ ਬੋਲਦਾ ਹਾਂ। ਤਾਂ ਅੱਧਾ ਕਿਉਂ ਬੋਲਦਾ ਹੈਂ? ਪੂਰਾ ਵਾਕ ਬੋਲੋ। ਕਿਉਂ ਕਿ ਪੂਰੇ ਵਾਕ ਦਾ ਅਰਥ ਹੋਰ ਹੈ। ਕੋਈ ਅਲਾਹ ਨਹੀਂ ਹੈ ਸਿਵਾਇ ਇੱਕ ਅਲਾਹ ਦੇ। ਇਸਦਾ ਅਰਥ ਹੈ-ਇੱਕ ਅਲਾਹ ਤੋਂ ਬਿਨਾਂ ਹੋਰ ਕੋਈ ਅਲਾਹ ਨਹੀਂ ਹੈ। ਪਰ ਸਰਮਦ ਬੋਲਦਾ ਸੀ- ਕੋਈ ਅਲਾਹ ਨਹੀਂ ਹੈ। ਇਸ ਦਾ ਅਰਥ ਹੁੰਦਾ ਹੈ ਕਿ ਕੋਈ ਅਲਾਹ ਹੈ ਹੀ ਨਹੀਂ।

ਸਰਮਦ ਨੇ ਕਿਹਾ, ਮੈਨੂੰ ਅਜੇ ਤਕ ਇੰਨਾ ਹੀ ਪਤਾ ਚੱਲਿਆ ਹੈ,ਦੂਜਾ ਹਿੱਸਾ ਮੈਨੂੰ ਅਜੇ ਪਤਾ ਨਹੀਂ ਲੱਗਾ।ਅਜੇ ਤਕ ਮੈਨੂੰ ਇਹ ਹੀ ਅਨੁਭਵ ਹੋਇਆ ਹੈ ਕਿ ਕੋਈ ਅਲਾਹ ਨਹੀਂ ਹੈ। ਜਿਸ ਦਿਨ ਮੈਨੂੰ ਪਤਾ ਲੱਗਾ ਕਿ ਅਲਾਹ ਹੈ ਉਦੋਂ ਦੂਜਾ ਹਿੱਸਾ ਵੀ ਬੋਲਾਂਗਾ।

ਫਤਵਾ ਦਿੱਤਾ ਗਿਆ ਕਿ ਇਹ ਆਦਮੀ ਕਾਫਿਰ ਹੈ।ਨਾਸਤਿਕ ਹੈ।ਇਸ ਲਈ ਗਰਦਨ ਕਟਵਾ ਦਿੱਤੀ ਗਈ।ਬੜੀ ਕਮਾਲ ਦੀ ਕਹਾਣੀ ਹੈ।ਚਸ਼ਮਦੀਦ ਗਵਾਹ ਸਨ ਹਜ਼ਾਰਾਂ ਲੋਕ, ਇਸ ਲਈ ਕਹਾਣੀ ਨੂੰ ਇਤਹਾਸਿਕ ਘਟਨਾ ਵੀ ਕਹਿ ਲਈਏ ਤਾਂ ਹਰਜ਼ ਨਹੀਂ ਹੈ। ਜਿਸ ਦਿਨ ਦਿੱਲੀ ਦੀ ਮਸਜਿਦ ਦੇ ਸਾਹਮਣੇ ਸਰਮਦ ਦੀ ਗਰਦਨ ਕੱਟੀ ਗਈ। ਉਸ ਦੀ ਕੱਟੀ ਹੋਈ ਗਰਦਨ ਮਸਜਿਦ ਦੀਆਂ ਪਉੜੀਆਂ ਤੇ ਡਿੱਗੀ ਤਾਂ ਉਸ ਵਿੱਚੋਂ ਲਹੂ ਦੀ ਧਾਰ ਦੇ ਨਾਲ ਨਾਲ ਆਵਾਜ਼ ਆਈ - ਕੋਈ ਅਲਾਹ ਨਹੀਂ ਹੈ, ਸਿਵਾਇ ਇੱਕ ਅਲਾਹ ਦੇ। ਕੱਟੀ ਹੋਈ ਗਰਦਨ ਨੇ ਪੂਰਾ ਵਾਕ ਬੋਲਿਆ।

ਸਰਮਦ ਕਹਿੰਦੇ ਹਨ ਕਿ ਜਦੋਂ ਤੱਕ ਸਿਰ ਨਾ ਕੱਟਿਆ ਜਾਵੇ ਉਦੋਂ ਤੱਕ ਉਸ ਅਲਾਹ ਦਾ ਪਤਾ ਨਹੀਂ ਲੱਗਦਾ, ਜਿਹੜਾ ਇੱਕ ਹੈ।

ਪਰ ਕੁਰਾਨ ਦੀ ਕੇਵਲ ਭਾਸ਼ਾ ਨੂੰ ਫੜੋਗੇ ਤਾਂ ਸਰਮਦ ਨਾਸਤਿਕ ਸਮਝਿਆ ਜਾਵੇਗਾ।ਪਰ ਅਸਲ ਵਿੱਚ ਸਰਮਦ ਹੀ ਆਸਤਿਕ ਹੈ।ਅਤੇ ਕਹਿੰਦੇ ਹਨ ਔਰੰਗਜ਼ੇਬ ਜਦੋਂ ਮਰਿਆ ਤਾਂ ਉਸਦੇ ਮਨ ਵਿੱਚ ਹੋਰ ਜ਼ੁਲਮਾਂ ਦੇ ਨਾਲ ਨਾਲ ਸਰਮਦ ਨੂੰ ਕਤਲ ਕਰਨ ਦੀ ਵੀ ਵੱਡੀ ਪੀੜ ਸੀ ਆਖਿਰੀ ਵੇਲੇ ਸਰਮਦ ਨੂੰ ਕਤਲ ਕਰਨ ਦੀ ਸੀ।

ਇਹ ਕਹਾਣੀ ਸਰਮਦ ਦੀ ਅਜ਼ਮਤ ਨੂੰ ਬਿਆਨ ਕਰਦੀ ਹੈ। ਸਰਮਦ ਦਾ ਨਾਂ ਸੂਫੀ ਪਰੰਪਰਾ ਵਿੱਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ।

ਪਰ ਆਪਣੇ ਸਿੱਖ ਇਤਿਹਾਸ ਵਿੱਚ ਤਾਂ ਐਸੀਆਂ ਅਨੇਕਾਂ ਘਟਨਾਵਾਂ ਹਨ ਜਿਹਨਾਂ ਨੂੰ ਸੁਣ ਕੇ ਅਜਿਹੀਆਂ ਕਹਾਣੀਆਂ ਬਹੁਤ ਛੋਟੀਆਂ ਜਾਪਦੀਆਂ ਹਨ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗਬਹਾਦਰ ਜੀ ਦੀ ਸ਼ਹੀਦੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸੀਸ ਅਤੇ ਧੜ ਦੇ ਸਸਕਾਰ ਦੀ ਦਾਸਤਾਨ, ਪੰਜਾਂ ਪਿਆਰਿਆਂ ਦਾ ਸੀਸ ਭੇਟ ਕਰਨ ਵਾਲਾ ਪ੍ਰਸੰਗ, ਬਾਬਾ ਦੀਪ ਸਿੰਘ ਜੀ ਦੀ ਸੀਸ ਤਲੀ ਤੇ ਰੱਖਣ ਵਾਲੀ ਕਥਾ ਆਦਿ। ਇਸ ਸਾਰੇ ਕੁਝ ਬਾਰੇ ਸੋਚਦਿਆਂ ਮਨ ਵਿੱਚ ਵਿਚਾਰ ਆਇਆ ਕਿ ਨਾਨਕ ਨਾਮ ਲੇਵਾ ਸਿੱਖਾਂ ਵਿੱਚ ਇਹ ਜਜ਼ਬਾ ਕਿਉਂ ਪੈਦਾ ਹੋ ਗਿਆ। ਕਈ ਵਿਦਵਾਨ ਇਸ ਇਲਾਕੇ ਦੀ ਭੁਗੋਲਿਕ ਸਥਿਤੀ ਅਤੇ ਹਾਲਾਤ ਦੀ ਚਰਚਾ ਕਰਦੇ ਹਨ। ਪਰ ਮੈਂ ਇਸ ਜਜ਼ਬੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚੋਂ ਭਾਲਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਆਮ ਤੌਰ ਦੇ ਅਸੀਂ ਬਾਣੀ ਵਿਚ ਆਈਆਂ ਸਤਰਾਂ ਵਿੱਚ ਆਈ ਸ਼ਬਦਾਵਲੀ ਨੂੰ ਪ੍ਰਤੀਕ ਵਜੋਂ ਵਰਤੀ ਗਈ ਸਮਝ ਲੈਂਦੇ ਹਾਂ ਪਰ ਇਸ ਨਾਲ ਜਿਹੜੀ ਬਿੰਬ ਸਿਰਜਣਾ ਕੀਤੀ ਗਈ ਹੈ ਉਸ ਨੇ ਤਾਂ ਜਾਪਦਾ ਹੈ ਜਿਵੇਂ ਕੁਰਬਾਨੀ ਦੇਣ ਦੇ ਜਜ਼ਬੇ ਨੂੰ ਇੱਕ ਆਮ ਜਿਹੀ ਗੱਲ ਬਣਾ ਦਿੱਤਾ।

ਆਓ, ਪਹਿਲਾਂ ਗੁਰਬਾਣੀ ਵਿੱਚ ਅਜਿਹੇ ਪਰਮਾਣਾਂ ਦਾ ਅਧਿਐਨ ਕਰੀਏ।

**ਸਿਰ ਕਟਵਾਉਣਾ:**

ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ॥ ਮਹਲਾ ੧,ਰਾਗ ਮਾਝ ਅੰਗ ੧੪੫
ਸੀਸ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥ ਮਹਲਾ ੧, ਰਾਗ ਵਡਹੰਸ ਅੰਗ ੫੫੮
ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨ ਦੀਜੈ॥ ਮਹਲਾ ੫,ਜੈਤਸਿਰੀ ਅੰਗ ੭੦੩-੭੦੭
ਸਤਿਗੁਰ ਦਇਆ ਕਰੇ ਪ੍ਰਭ ਮੇਲੇ ਮੈ ਤਿਸੁ ਆਗੈ ਸਿਰ ਕਟਿ ਕਟਿ ਪਈਆ॥ ਮਹਲਾ ੪,ਬਿਲਾਵਲ ਅੰਗ ੮੩੭
ਹਉ ਕਾਟਉ ਕਾਟਿ ਬਾਢਿ ਸਿਰੁ ਰਾਖਉ ਜਿਤੁ ਨਾਨਕ ਸੰਤੁ ਚੜਿ ਆਵੈ॥ ਰਾਮਕਲੀ ਮਹਲਾ ੪, ਅੰਗ ੮੮੧
ਜੋ ਸਿਰ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ॥ ਸਲੋਕ ਮਹਲਾ ੨, ਅੰਗ ੮੯
ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥ ਸਲੋਕ ਮਹਲਾ ੩, ਅੰਗ ੧੨੪੭
ਅਭੈ ਦਾਨੁ ਨਾਮੁ ਹਰਿ ਪਾਇਓ ਸਿਰ ਡਾਰਿਓ ਨਾਨਕ ਸੰਤ ਚਰਨਾ॥ ਕਾਨੜਾ ਮਹਲਾ ੫, ਅੰਗ ੧੨੯੯
ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ॥ ਸਲੋਕ ਕਬੀਰ ਜੀ, ਅੰਗ ੧੩੭੭
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰ ਕਪਿ ਉਤਾਰਿ॥ ਸਲੋਕ ਫਰੀਦ ਜੀ, ਅੰਗ ੧੩੮੧
ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥ ਸਲੋਕ ਫਰੀਦ ਜੀ, ਅੰਗ ੧੩੮੧
ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ ਸਲੋਕ ਵਾਰਾ ਤੇ ਵਧੀਕ, ਅੰਗ ੧੪੧੧

**ਸਿਰ ਅਰਪਣ ਕਰਨਾ:**

ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ॥ ਮਹਲਾ ੫ ਰਾਗ ਗਉੜੀ, ਅੰਗ ੨੪੭
ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ॥ ਮਹਲਾ ੫, ਰਾਗ ਗਉੜੀ, ਅੰਗ ੨੪੭
ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥ ਤੁਖਾਰੀ ਛੰਤ ਮਹਲਾ ੪, ਅੰਗ ੧੧੧੩

**ਸਿਰ ਸਉਪਣਾ:**
ਐਸਾ ਸਤਿਗੁਰੁ ਜੇ ਮਿਲੈ ਤਿਸਨੋ ਸਿਰ ਸਉਪੀਐ ਵਿਚਹੁ ਆਪ ਜਾਇ॥ ਰਾਮਕਲੀ ਮਹਲਾ ੩, ਅੰਗ ੯੧੭-੯੨੨
ਮਨ ਦੀਜੈ ਸਿਰ ਸਉਪੀਐ ਭੀ ਕਰਤੇ ਕੀ ਟੇਕ॥ ਰਾਮਕਲੀ ਮਹਲਾ ੧, ਅੰਗ ੯੨੯-੯੩੮

**ਸਿਰ ਵੇਚਣਾ:**
ਜਿਸ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰ ਗੁਰ ਆਗੈ॥ ਗਉੜੀ ਮਹਲਾ ੪, ਅੰਗ ੧੬੬-੧੬੭
ਹਰਿ ਹਰਿ ਪ੍ਰਗਟ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ ਮੋਲੀ॥ ਗਉੜੀ ਮਹਲਾ ੪, ਅੰਗ ੧੬੮-੧੬੯
ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ॥ ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗਰ ਆਗੇ॥ ਗਉੜੀ ਮਹਲਾ ੪, ਅੰਗ ੧੭੧-੧੭੨
ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ॥ ਗਉੜੀ ਮਹਲਾ ੪, ਅੰਗ ੩੧੧
ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ॥ ਸੂਹੀ ਮਹਲਾ ੪, ਅੰਗ ੭੩੧
ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ ਸਿਰੁ ਵੇਚਿ ਲੀਓ ਮੁਲਿ ਮਹਘਾ॥ ਸੂਹੀ ਮਹਲਾ ੪, ਅੰਗ ੭੩੧

ਸਿਰ ਦੇਣਾ-ਗੁਰਬਾਣੀ ਵਿੱਚ ਸਿਰ ਦੇਣਾ ਅਰਥਾਤ ਸਿਰ ਅਰਪਣ ਕਰਨਾ ਹੰਕਾਰ ,ਸਵਾਰਥ ਅਤੇ ਜੀਵਨ ਨੂੰ ਗੁਰੂ ਜਾਂ ਪਰਮਾਤਮਾ ਨੂੰ ਪੂਰਨ ਸਮਰਪਣ ਕਰਨਾ ਦਰਸਾਉਂਦਾ ਹੈ। ਇਸ ਆਦਰਸ਼ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਣ ਦੇ ਪ੍ਰਸੰਗ ਨਾਲ ਜੋੜਿਆ ਜਾਂਦਾ ਹੈ। ਇਹ ਕੇਵਲ ਸਰੀਰਕ ਬਲੀਦਾਨ ਨਹੀਂ ਸਗੋਂ ਧਰਮ ਅਤੇ ਸਚਾਈ ਪ੍ਰਤੀ ਇੱਕ ਅਧਿਆਤਮਿਕ ਪ੍ਰਤੀਬਧੱਤਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਇਹ ਵਾਕ 'ਸੀਸ ਦੀਆ ਪਰ ਸਿਰਰ ਨਾ ਦੀਆ' ਇਸ ਗੱਲ ਨੂੰ ਦ੍ਰਿੜ ਕਰਵਾਉਂਦਾ ਹੈ ਕਿ ਧਰਮ ਦੇ ਰਾਹ ਤੇ ਚਲਦਿਆਂ ਸਿਰ ਝੁਕਾਉਣ ਨਾਲੋਂ ਸਿਰ ਕਟਵਾਉਣਾ ਬਿਹਤਰ ਸਮਝਿਆ ਜਾਂਦਾ ਹੈ।

ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥ ਆਸਾ ਮਹਲਾ ੧, ਅੰਗ ੪੨੦
ਇਹੁ ਸਿਰ ਦੀਜੈ ਆਪੁ ਗਵਾਏ॥ ਆਸਾ ਮਹਲਾ ੩, ਅੰਗ ੪੨੩-੪੨੪
ਮਨੁ ਤਨੁ ਅਰਪੀ ਸਿਰ ਦੇਈ ਤਿਨ ਕੈ ਲਾਗਾ ਪਾਇ॥ ਸਿਰੀਰਾਗ ਮਹਲਾ ੩, ਅੰਗ ੩੮
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ॥ ਮਾਰੂ ਮਹਲਾ ੧, ਅੰਗ ੯੯੨
ਸਤਿਗੁਰ ਆਗੈ ਸੀਸੁ ਧਰੇਇ॥ ਮਲਾਰ ਮਹਲਾ ੩, ਅੰਗ ੧੨੬੧

ਇੰਨਾ ਹੀ ਨਹੀਂ ਅਸੀ ਅਰਦਾਸ ਵਿੱਚ ਕਈ ਵਾਰ ਕੁਰਬਾਨੀਆਂ ਨੂੰ ਯਾਦ ਕਰਦੇ ਹਾਂ। ਇਸ ਨਾਲ ਕੁਰਬਾਨੀ ਦਾ ਇਹ ਭਾਵ ਸਾਡੇ ਮਨਾਂ ਵਿੱਚ ਪੂਰੀ ਤਰ੍ਹਾਂ ਵਸਿਆ ਹੋਇਆ ਹੈ।

**ਅਰਦਾਸ ਦੇ ਬੋਲ:**
ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤ੍ਰਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ। ਇੰਜ ਗੁਰਬਾਣੀ ਅਤੇ ਇਤਿਹਾਸ ਵਿੱਚ ਕੁਰਬਾਨੀ ਸਾਡੇ ਅੰਗ ਸੰਗ ਹੈ।

ਭੁੱਲ ਚੁੱਕ ਖਿਮਾ
**ਜਾਗੀਰ ਸਿੰਘ**

# ਗੁਰੂ ਗਰੰਥ ਸਾਹਿਬ ਅਨੁਸਾਰ ਕੀਰਤਨ ਕਰਨ ਦੇ ਲਾਭ

## Advantages of performing Kirtan according to Guru Granth Sahib

**ਡਾ. ਸਰਬਜੀਤ ਸਿੰਘ**

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਕੀਰਤਨੁ ਦੀ ਪ੍ਰੀਭਾਸ਼ਾ ਇਹ ਹੈ, ਕਿ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਨੇ, ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣਾਂ ਦੀ ਵੀਚਾਰ ਕਰਨੀ, ਅਕਾਲ ਪੁਰਖੁ ਦੇ ਹੁਕਮੁ ਨੂੰ ਪੂਰੇ ਸਤਿਗੁਰੂ ਦੁਆਰਾ ਸਮਝਣਾ ਤੇ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣਾ, ਮਨ ਨੂੰ ਵਿਕਾਰਾਂ ਦੇ ਹੱਲਿਆਂ ਵਲੋਂ ਸੁਚੇਤ ਕਰਨ ਲਈ ਬਿਬੇਕ ਬੁਧੀ ਹਾਸਲ ਕਰਨੀ, ਅਕਾਲ ਪੁਰਖੁ ਦੇ ਨਾਮੁ ਰੂਪੀ ਅੰਮ੍ਰਿਤ ਦਾ ਸੁਆਦ ਮਾਨਣਾ, ਹਰ ਵੇਲੇ ਅਕਾਲ ਪੁਰਖੁ ਦਾ ਕੀਰਤਨੁ ਕਰਨਾ, ਸਾਧ ਸੰਗਤਿ ਵਿਚ ਬੈਠ ਕੇ ਅਕਾਲ ਪੁਰਖੁ ਦੇ ਗੁਣ ਗਾਇਨ ਕਰਨੇ, ਮਨ ਤੇ ਕਾਬੂ ਕਰਨਾ ਤੇ ਮਨ ਨੂੰ ਖਿੰਡਣ ਤੋਂ ਰੋਕਣਾ, ਸਾਰੀਆਂ ਗਿਆਨ ਇੰਦਰੀਆਂ ਨੂੰ ਵਿਕਾਰਾ ਤੋਂ ਰੋਕਣਾ ਅਤੇ ਕੀਰਤਨੁ ਪੂਰੇ ਗੁਰੂ ਦੇ ਸਬਦ ਦੁਆਰਾ, ਸੱਚੀ ਬਾਣੀ ਦਾ ਹੀ ਹੀ ਹੋ ਸਕਦਾ ਹੈ।

ਹਰੇਕ ਮਨੁੱਖ ਉਹੀ ਕਾਰਜ ਕਰਦਾ ਹੈ, ਜਿਸ ਦਾ ਕੋਈ ਲਾਭ ਹੋਵੇ। ਗੁਰੂ ਸਾਹਿਬ ਨੇ ਵੀ ਇਹੀ ਸਮਝਾਇਆ ਹੈ ਕਿ, "ਪਹਿਲਾ ਵਸਤੁ ਸਿ ਞਾਣਿ ਕੈ ਤਾਂ ਕੀਚੈ ਵਾਪਾਰੁ ॥ (1410)"। ਅੱਜਕਲ ਅਨੇਕਾਂ ਕੀਰਤਨ ਦਰਬਾਰ ਹੋ ਰਹੇ ਹਨ, ਪਰੰਤੂ ਕੋਈ ਖਾਸ ਲਾਭ ਨਹੀਂ ਹੋ ਰਹੇ ਹਨ। ਉਸ ਦੇ ਕਾਰਨ ਇਹ ਹਨ, ਕਿ ਅਸੀਂ ਸਭ ਕੁਝ ਆਪਣੀ ਮਰਜੀ ਨਾਲ ਆਪਣੇ ਕਾਨੂੰਨ ਬਣਾ ਕੇ ਕਰੀ ਜਾ ਰਹੇ ਹਾਂ। ਕੋਈ ਵੀ ਕਾਰਜ ਪੂਰਨ ਤੌਰ ਤੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਨਹੀਂ ਹੋ ਰਿਹਾ ਹੈ। ਜੇਕਰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਇਨ ਨਹੀਂ ਕੀਤੇ, ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣਾਂ ਦੀ ਵੀਚਾਰ ਨਹੀਂ ਕੀਤੀ, ਅਕਾਲ ਪੁਰਖੁ ਦੇ ਹੁਕਮੁ ਨੂੰ ਪੂਰੇ ਸਤਿਗੁਰੂ ਦੁਆਰਾ ਸਮਝਿਆ ਨਹੀਂ, ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਿਆ ਨਹੀਂ, ਆਪਣੇ ਮਨ ਨੂੰ ਵਿਕਾਰਾਂ ਦੇ ਹੱਲਿਆਂ ਵਲੋਂ ਸੁਚੇਤ ਨਹੀਂ ਕੀਤਾ, ਅਸਲੀਅਤ ਸਮਝਣ ਲਈ ਬਿਬੇਕ ਬੁਧੀ ਹਾਸਲ ਨਹੀਂ ਕੀਤੀ, ਅਕਾਲ ਪੁਰਖੁ ਦੇ ਨਾਮੁ ਰੂਪੀ ਅੰਮ੍ਰਿਤ ਦਾ ਸੁਆਦ ਨਹੀਂ ਮਾਣਿਆ, ਸਾਧ ਸੰਗਤਿ ਵਿਚ ਬੈਠ ਕੇ ਅਕਾਲ ਪੁਰਖੁ ਦੇ ਗੁਣ ਗਾਇਨ ਨਹੀਂ ਕੀਤੇ, ਆਪਣੇ ਮਨ ਤੇ ਕਾਬੂ ਨਹੀਂ ਕੀਤਾ, ਮਨ ਨੂੰ ਖਿੰਡਣ ਤੋਂ ਨਹੀਂ ਰੋਕਿਆ, ਗਿਆਨ ਇੰਦਰੀਆਂ ਨੂੰ ਵਿਕਾਰਾ ਵਲ ਜਾਣ ਤੋਂ ਨਹੀਂ ਰੋਕਿਆ ਅਤੇ ਕੀਰਤਨੁ ਪੂਰੇ ਗੁਰੂ ਦੇ ਸਬਦ ਦੁਆਰਾ ਸੱਚੀ ਬਾਣੀ ਦਾ ਕੀਰਤਨੁ ਨਹੀਂ ਕੀਤਾ, ਤਾਂ ਸਾਡਾ ਭਲਾ ਕਿਸ ਤਰ੍ਹਾਂ ਹੋ ਸਕਦਾ ਹੈ। ਇਸ ਲਈ ਜਿਥੇ ਕੀਰਤਨ ਕੀ ਹੈ, ਉਸ ਦੇ ਬਾਰੇ ਜਾਨਣ ਦੇ ਨਾਲ ਇਹ ਵੀ ਪਤਾ ਹੋਣਾ ਚਾਹੀਦਾ ਹੈ, ਕਿ ਕੀਰਤਨ ਦਾ ਕੀ ਲਾਭ ਹੈ ਤੇ ਇਹ ਲਾਭ ਕਿਸ ਤਰ੍ਹਾਂ ਜੀਵਨ ਵਿਚ ਪ੍ਰਾਪਤ ਕਰ ਸਕਦੇ ਹਾਂ।

ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਅਕਾਲ ਪੁਰਖੁ ਦੇ ਚਰਨਾਂ ਵਿਚ ਜੋੜ ਦਿੱਤਾ, ਉਸ ਨੇ ਉਹ ਅਕਾਲ ਪੁਰਖੁ ਲੱਭ ਲਿਆ, ਜਿਹੜਾ ਹਰ ਵੇਲੇ ਅੰਗ ਸੰਗ ਵੱਸਦਾ ਹੈ, ਤੇ, ਜਿੰਦ ਦਾ ਮਦਦਗਾਰ ਹੈ। ਜੇਕਰ ਅਕਾਲ ਪੁਰਖੁ ਦੇ ਚਰਨਾਂ ਵਿਚ ਜੁੜੇ ਰਹੀਏ, ਤਾਂ ਜਿੱਥੇ ਵੀ ਜਾਈਏ, ਉਥੇ ਹੀ ਸੁਖੀ ਰਹਿ ਸਕਦੇ ਹਾਂ। ਪਰੰਤੂ ਜਿਨ੍ਹਾਂ ਮਨੁੱਖਾਂ ਨੂੰ ਵੀ ਅਕਾਲ ਪੁਰਖੁ ਨੇ ਆਪਣੇ ਚਰਨਾਂ ਵਿਚ ਮਿਲਾਇਆ ਹੈ, ਅਕਾਲ ਪੁਰਖੁ ਨੇ ਆਪ ਹੀ ਆਪਣੀ ਕਿਰਪਾ ਕਰ ਕੇ ਮਿਲਾਇਆ ਹੈ। ਇਸ ਲਈ ਸਦਾ ਪਿਆਰ ਨਾਲ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਨ ਕਰਦੇ ਰਿਹਾ ਕਰੋ। ਸਿਫ਼ਤਿ ਸਾਲਾਹ ਦੀ ਬਰਕਤਿ ਨਾਲ ਮਨ ਚਾਹੇ ਫਲ ਅਕਾਲ ਪੁਰਖੁ ਦੇ ਦਰ ਤੋਂ ਪ੍ਰਾਪਤ ਕਰ ਸਕਦੇ ਹਾਂ, ਅਕਾਲ ਪੁਰਖੁ ਜਿੰਦ ਦੇ ਨਾਲ ਅੰਗ ਸੰਗ ਵੱਸਦਾ ਸਾਥੀ ਪ੍ਰਤੀਤ ਹੁੰਦਾ ਰਹੇਗਾ। ਗੁਰੂ ਸਾਹਿਬ ਇਹੀ ਸਮਝਾਂਦੇ ਹਨ, ਕਿ ਮੈਂ ਤਾਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਿਆ ਰਹਿੰਦਾ ਹਾਂ, ਕਿਉਂਕਿ ਸੰਤ ਜਨਾਂ ਦੀ ਕਿਰਪਾ ਨਾਲ ਅਕਾਲ ਪੁਰਖੁ ਜਿੰਦ ਦਾ ਆਸਰਾ ਪ੍ਰਤੀਤ ਹੁੰਦਾ ਰਹਿੰਦਾ ਹੈ। ਸੰਤ ਜਨ ਅਕਾਲ ਪੁਰਖੁ ਦੀ ਕਿਰਪਾ ਸਦਕਾ, ਉਸ ਦੀ ਸਿਫ਼ਤਿ ਸਾਲਾਹ ਦੀ ਦਾਤ ਦੇਂਦੇ ਹਨ, ਅਤੇ ਇਸ ਤਰ੍ਹਾਂ ਵਿਕਾਰਾਂ ਵਿਚ ਡਿੱਗੇ ਹੋਏ ਮਨੁੱਖ ਨੂੰ ਵੀ ਪਵਿਤ੍ਰ ਜੀਵਨ ਵਾਲਾ ਬਣਾ ਲੈਂਦੇ ਹਨ। ਅਕਾਲ ਪੁਰਖੁ ਆਪ ਸਿਫ਼ਤਿ ਸਾਲਾਹ ਕਰਨ ਵਾਲਿਆਂ ਦੀ ਪ੍ਰਤਿਪਾਲਣਾ ਕਰਦਾ ਹੈ, ਤੇ ਉਨ੍ਹਾਂ ਨੂੰ ਆਪਣੇ

ਅੰਗ ਸੰਗ ਰੱਖਦਾ ਹੈ, ਤੇ ਸਦਾ ਉਨ੍ਹਾਂ ਦੀ ਜਿੰਦ ਦੇ ਨਾਲ ਰਾਖਾ ਬਣਿਆ ਰਹਿੰਦਾ ਹੈ। ਇਸ ਲਈ ਦਿਨ ਰਾਤ ਹਰ ਵੇਲੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਨ ਕਰਦੇ ਰਹਿਣਾ ਚਾਹੀਦਾ ਹੈ, ਸਿਫ਼ਤਿ ਸਾਲਾਹ ਦੀ ਬਰਕਤਿ ਨਾਲ ਮੁੜ ਜਨਮ ਮਰਨ ਦੇ ਗੇੜ ਵਿਚ ਨਹੀਂ ਪਈਦਾ।

ਪਰੰਤੂ, ਉਸ ਮਨੁੱਖ ਨੇ ਹੀ ਅਕਾਲ ਪੁਰਖੁ ਦੇ ਨਾਮੁ ਦਾ ਸੁਆਦ ਸਮਝਿਆ ਹੈ ਤੇ ਕਦਰ ਜਾਣੀ ਹੈ, ਜਿਸ ਨੂੰ ਸਿਰਜਣਹਾਰ ਸਰਬ ਵਿਆਪਕ ਅਕਾਲ ਪੁਰਖੁ ਆਪ ਇਹ ਦਾਤ ਦੇਂਦਾ ਹੈ। ਅਕਾਲ ਪੁਰਖੁ ਦੀ ਸਰਨ ਵਿਚ ਪਏ ਰਹਿਣ ਨਾਲ ਜਮਦੂਤ ਵੀ ਉਸ ਮਨੁੱਖ ਦੇ ਨੇੜੇ ਨਹੀਂ ਢੁਕਦਾ ਤੇ ਉਹ ਮਨੁੱਖ ਅਕਾਲ ਪੁਰਖੁ ਦੀ ਸਰਨ ਵਿਚ ਪਿਆ ਰਹਿ ਕੇ ਆਤਮਕ ਆਨੰਦ ਮਾਣਦਾ ਰਹਿੰਦਾ ਹੈ।

ਸੋਰਠਿ ਮਹਲਾ 5 ॥ ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥ ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥1॥ ਹਰਿ ਗੁਣ ਗਾਵਹੁ ਸਦਾ ਸੁਭਾਈ ॥ ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥1॥ ਰਹਾਉ ॥ ਨਾਰਾਇਣ ਪ੍ਰਾਣ ਅਧਾਰਾ ॥ ਹਮ ਸੰਤ ਜਨਾਂ ਰੇਨਾਰਾ ॥ ਪਤਿਤ ਪੁਨੀਤ ਕਰਿ ਲੀਨੇ ॥ ਕਰਿ ਕਿਰਪਾ ਹਰਿ ਜਸੁ ਦੀਨੇ ॥2॥ ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥ ਸਦ ਜੀਅ ਸੰਗਿ ਰਖਵਾਲਾ ॥ ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥3॥ ਜਿਸੁ ਦੇਵੈ ਪੁਰਖੁ ਬਿਧਾਤਾ ॥ ਹਰਿ ਰਸੁ ਤਿਨ ਹੀ ਜਾਤਾ ॥ ਜਮਕੰਕਰੁ ਨੇੜਿ ਨ ਆਇ ਆ ॥ ਸੁਖੁ ਨਾਨਕ ਸਰਣੀ ਪਾਇਆ ॥4॥9॥59॥ (623-624)

ਅਕਾਲ ਪੁਰਖੁ ਦਾ ਨਾਮੁ ਚੇਤੇ ਰੱਖਣਾਂ ਵੀ ਜੀਵਾਂ ਦੇ ਆਪਣੇ ਵੱਸ ਦੀ ਗੱਲ ਨਹੀਂ, ਜਿਸ ਮਨੁੱਖ ਉਤੇ ਅਕਾਲ ਪੁਰਖੁ ਆਪਣੀ ਮਿਹਰ ਕਰਦਾ ਹੈ, ਉਹੀ ਮਨੁੱਖ ਆਪਣੀ ਜੀਭ ਨਾਲ ਅਕਾਲ ਪੁਰਖੁ ਦਾ ਨਾਮੁ ਉਚਾਰਦਾ ਹੈ। ਅਕਾਲ ਪੁਰਖੁ ਨੂੰ ਭੁਲਾਇਆਂ ਦੁਨੀਆ ਦੇ ਭਰਮ, ਸ਼ੰਕੇ, ਸਹਮ, ਡਰ, ਦੁਖ ਆਪਣਾ ਜ਼ੋਰ ਪਾ ਲੈਂਦੇ ਹਨ, ਪਰੰਤੂ ਅਕਾਲ ਪੁਰਖੁ ਦਾ ਨਾਮੁ ਸਿਮਰਿਆਂ ਹਰੇਕ ਤਰ੍ਹਾਂ ਦੀ ਭਟਕਣਾ ਦੂਰ ਹੋ ਜਾਂਦੀ ਹੈ, ਹਰੇਕ ਕਿਸਮ ਦਾ ਡਰ ਖਤਮ ਹੋ ਜਾਂਦਾ ਹੈ। ਅਕਾਲ ਪੁਰਖੁ ਦੀ ਕਿਰਪਾ ਨਾਲ ਜੇਹੜਾ ਮਨੁੱਖ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਸੁਣਦਾ ਹੈ, ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਗਾਇਨ ਕਰਦਾ ਹੈ, ਉਸ ਮਨੁੱਖ ਦੇ ਨੇੜੇ ਕਿਸੇ ਤਰ੍ਹਾਂ ਦਾ ਦੁਖ ਨਹੀਂ ਆਉਂਦਾ ਹੈ। ਅਕਾਲ ਪੁਰਖੁ ਦੀ ਸੇਵਾ ਭਗਤੀ ਕਰਦਿਆਂ ਮਨੁੱਖ ਸੋਹਣੇ ਜੀਵਨ ਵਾਲਾ ਬਣ ਜਾਂਦਾ ਹੈ, ਕਿਉਂਕਿ ਉਸ ਮਨੁੱਖ ਨੂੰ ਮਾਇਆ ਦੀ ਤ੍ਰਿਸ਼ਨਾ ਦੀ ਅੱਗ ਪੋਹ ਨਹੀਂ ਸਕਦੀ, ਉਸ ਦੇ ਆਤਮਕ ਜੀਵਨ ਨੂੰ ਸਾੜ ਨਹੀਂ ਸਕਦੀ। ਜਿਸ ਮਨੁੱਖ ਦੇ ਮਨ ਵਿਚ, ਸਰੀਰ ਵਿਚ, ਹਿਰਦੇ ਵਿਚ ਤੇ ਮੂੰਹ ਵਿਚ, ਦਇਆ ਦੇ ਘਰ ਅਕਾਲ ਪੁਰਖੁ ਦਾ ਨਾਮੁ ਵੱਸ ਜਾਂਦਾ ਹੈ, ਉਹ ਮਨੁੱਖ ਆਪਣੇ ਮਨ ਵਿਚੋਂ ਮਾਇਆ ਦੇ ਮੋਹ ਦੇ ਹੋਰ ਸਾਰੇ ਜੰਜਾਲ ਲਾਹ ਦੇਂਦਾ ਹੈ।

ਗਉੜੀ ਮਹਲਾ 5 ॥ ਜਾ ਕਉ ਅਪਨੀ ਕਿਰਪਾ ਧਾਰੈ ॥ ਸੋ ਜਨੁ ਰਸਨਾ ਨਾਮੁ ਉਚਾਰੈ ॥1॥ ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥ ਸਿਮਰਤ ਨਾਮੁ ਭਰਮੁ ਭਉ ਭਾਗੈ ॥1॥ ਰਹਾਉ ॥ ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥ ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥2॥ ਹਰਿ ਕੀ ਟਹਲ ਕਰਤ ਜਨੁ ਸੋਹੈ ॥ ਤਾ ਕਉ ਮਾਇਆ ਅਗਨਿ ਨ ਪੋਹੈ ॥3॥ ਮਨਿ ਤਨਿ ਮੁਖਿ ਹਰਿ ਨਾਮੁ ਦਇਆਲ ॥ ਨਾਨਕ ਤਜੀਅਲੇ ਅਵਰਿ ਜੰਜਾਲ ॥4॥52॥121॥ (190)

ਗੁਰੂ ਦੇ ਸ਼ਬਦ ਦੁਆਰਾ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਨ ਨਾਲ ਮਨੁੱਖਾਂ ਦੇ ਮਾਨਸਕ ਝਗੜੇ ਤੇ ਕਲੇਸ਼ ਨੇ ਦੂਰ ਹੋ ਜਾਂਦੇ ਹਨ, ਉਨ੍ਹਾਂ ਦੇ ਜਨਮ ਮਰਨ ਦੇ ਗੇੜ ਮੁੱਕ ਜਾਂਦੇ ਹਨ, ਤੇ ਉਨ੍ਹਾਂ ਨੂੰ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਨੇ ਸਾਧ ਸੰਗਤਿ ਵਿਚ ਜਾ ਕੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਏ ਹਨ, ਜਿਨ੍ਹਾਂ ਨੇ ਨਿਰਭਉ ਹਰੀ ਦਾ ਧਿਆਨ ਆਪਣੇ ਹਿਰਦੇ ਵਿਚ ਰੱਖਿਆ ਹੈ, ਉਨ੍ਹਾਂ ਦੇ ਦੁਨੀਆ ਵਾਲੇ ਸਾਰੇ ਡਰ ਦੂਰ ਹੋ ਗਏ ਹਨ। ਸਾਧ ਸੰਗਤਿ ਦੀ ਬਰਕਤਿ ਨਾਲ ਜਿਨ੍ਹਾਂ ਮਨੁੱਖਾਂ ਨੇ ਅਕਾਲ ਪੁਰਖੁ ਦੇ ਸੋਹਣੇ ਚਰਨ ਆਪਣੇ ਹਿਰਦੇ ਵਿਚ ਵਸਾ ਲਏ, ਗੁਰੂ ਨੇ ਉਨ੍ਹਾਂ ਨੂੰ ਤ੍ਰਿਸ਼ਨਾ ਦੀ ਅੱਗ ਦੇ ਸਮੁੰਦਰ ਵਿਚੋਂ ਪਾਰ ਲੰਘਾ ਦਿੱਤਾ। ਜਦੋਂ ਉਹ ਮਨੁੱਖ ਸਾਧ ਸੰਗਤਿ ਵਿਚ ਆਗਏ, ਤਾਂ ਵਿਕਾਰਾਂ ਦੇ ਸਮੁੰਦਰ ਵਿਚ ਡੁੱਬ ਰਹੇ ਮਨੁੱਖਾਂ ਨੂੰ ਪੂਰੇ ਗੁਰੂ ਨੇ ਬਾਹੋਂ ਫੜ ਕੇ ਬਾਹਰ ਕੱਢ ਲਿਆ। ਅਕਾਲ ਪੁਰਖੁ ਨਾਲੋਂ ਅਨੇਕਾਂ ਜਨਮਾਂ ਦੇ ਟੁੱਟਿਆਂ ਹੋਇਆਂ ਮਨੁੱਖਾਂ ਨੂੰ ਗੁਰੂ ਨੇ ਮੁੜ ਅਕਾਲ ਪੁਰਖੁ ਦੇ ਨਾਲ ਮਿਲਾ ਦਿੱਤਾ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਮੈਂ ਉਸ ਸਬਦ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਸ ਨੂੰ

ਮਿਲਿਆਂ ਸਾਡੀ ਜੀਵਾਂ ਦੀ ਉੱਚੀ ਆਤਮਕ ਅਵਸਥਾ ਬਣ ਜਾਂਦੀ ਹੈ।

ਗਉੜੀ ਮਹਲਾ 5॥ ਕਲਿ ਕਲੇਸ ਗੁਰ ਸਬਦਿ ਨਿਵਾਰੇ॥ ਆਵਣ ਜਾਣ ਰਹੇ ਸੁਖ ਸਾਰੇ॥1॥ ਭੈ ਬਿਨਸੇ ਨਿਰਭਉ ਹਰਿ ਧਿਆਇਆ ॥ ਸਾਧਸੰਗਿ ਹਰਿ ਕੇ ਗੁਣ ਗਾਇਆ ॥1॥ ਰਹਾਉ ॥ ਚਰਨ ਕਵਲ ਰਿਦ ਅੰਤਰਿ ਧਾਰੇ ॥ ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥2॥ ਬੂਡਤ ਜਾਤ ਪੂਰੈ ਗੁਰਿ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ ॥3॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਿਸੁ ਭੇਟਤ ਗਤਿ ਭਈ ਹਮਾਰੀ ॥4॥56॥125॥ (190੍191)

ਹੇ ਅਕਾਲ ਪੁਰਖੁ* ਹੇ ਪਰਮੇਸਰ* ਹੇ ਸਤਿਗੁਰ* ਤੂੰ ਆਪ ਹੀ ਸਭ ਕੁਝ ਕਰਨ ਦੇ ਸਮਰਥ ਹੈ। ਤੇਰਾ ਦਾਸ ਤੇਰੇ ਪਾਸੋਂ ਤੇਰੇ ਚਰਨਾਂ ਦੀ ਧੂੜ ਮੰਗਦਾ ਹੈ, ਤੇਰੇ ਦਰਸਨ ਤੋਂ ਸਦਕੇ ਜਾਂਦਾ ਹੈ। ਹੇ ਮੇਰੇ ਅਕਾਲ ਪੁਰਖੁ* ਹੇ ਮੇਰੇ ਪਾਤਿਸ਼ਾਹ* ਤੂੰ ਜਿਵੇਂ ਸਾਨੂੰ ਜੀਵਾਂ ਨੂੰ ਰੱਖਦਾ ਹੈ, ਤਿਵੇਂ ਹੀ ਅਸੀਂ ਰਹਿ ਸਕਦੇ ਹਾਂ। ਜੇ ਤੈਨੂੰ ਚੰਗਾ ਲੱਗੇ ਤਾਂ ਤੂੰ ਸਾਨੂੰ ਜੀਵਾਂ ਕੋਲੋਂ ਆਪਣਾ ਨਾਮੁ ਜਪਾਂਦਾ ਹੈ, ਤੇਰਾ ਹੀ ਬਖ਼ਸ਼ਿਆ ਹੋਇਆ ਸੁਖ ਅਸੀਂ ਲੈ ਸਕਦੇ ਹਾਂ। ਹੇ ਅਕਾਲ ਪੁਰਖੁ ਤੇਰੀ ਸੇਵਾ ਭਗਤੀ ਵਿਚ ਹੀ ਵਿਕਾਰਾਂ ਤੋਂ ਖ਼ਲਾਸੀ ਮਿਲ ਸਕਦੀ ਹੈ, ਸੰਸਾਰ ਦੇ ਸੁਖ ਪਾ ਸਕਦੇ ਹਾਂ, ਤੇ ਸੁਚੱਜੇ ਜੀਵਨ ਦੀ ਜਾਚ ਆ ਸਕਦੀ ਹੈ। ਪਰੰਤੂ ਤੇਰੀ ਭਗਤੀ ਉਹੀ ਕਰਦਾ ਹੈ, ਜਿਸ ਕੋਲੋਂ ਤੂੰ ਆਪ ਕਰਾਂਦਾ ਹੈ। ਜਿਸ ਥਾਂ ਤੇਰੀ ਸਿਫ਼ਤਿ ਸਾਲਾਹ ਹੋ ਰਹੀ ਹੋਵੇ, ਮੇਰੇ ਵਾਸਤੇ ਉਹੀ ਥਾਂ ਬੈਕੁੰਠ ਹੈ, ਤੂੰ ਆਪ ਹੀ ਸਿਫ਼ਤਿ ਸਾਲਾਹ ਕਰਨ ਦੀ ਸਰਧਾ ਸਾਡੇ ਮਨ ਅੰਦਰ ਪੈਦਾ ਕਰਦਾ ਹੈ।

ਹੇ ਦੀਨਾਂ ਉਤੇ ਦਇਆ ਕਰਨ ਵਾਲੇ ਮੇਰੇ ਸਤਿਗੁਰ* ਮੇਰੇ ਉਪਰ ਮੇਹਰ ਕਰ ਤਾਂ ਜੋ ਮੈਂ ਤੇਰਾ ਨਾਮੁ ਜਪ ਜਪ ਕੇ ਆਤਮਕ ਜੀਵਨ ਹਾਸਲ ਕਰਦਾ ਰਹਾਂ, ਮੇਰਾ ਮਨ, ਤੇ ਮੇਰਾ ਤਨ ਤੇਰੇ ਨਾਮੁ ਦੀ ਬਰਕਤਿ ਨਾਲ ਖਿੜਿਆ ਰਹੇ। ਮੇਰੇ ਉਪਰ ਮੇਹਰ ਕਰ ਤਾਂ ਜੋ ਮੈਂ ਸਦਾ ਤੇਰੇ ਸੋਹਣੇ ਚਰਨ ਧੋ ਧੋ ਕੇ ਪੀਂਦਾ ਰਹਾਂ। ਹੇ ਸਤਿਗੁਰੂ* ਮੈਂ ਉਸ ਸੋਹਣੀ ਘੜੀ ਤੋਂ ਸਦਕੇ ਜਾਂਦਾ ਹਾਂ, ਉਸ ਸੋਹਣੇ ਵੇਲੇ ਤੋਂ ਕੁਰਬਾਨ ਜਾਂਦਾ ਹਾਂ, ਜਦੋਂ ਤੋਂ ਮੈਂ ਤੇਰੇ ਦਰ ਤੇ ਆ ਗਿਆ ਹਾਂ। ਗੁਰੂ ਸਾਹਿਬ ਇਹੀ ਸਮਝਾਂਦੇ ਹਨ, ਕਿ ਜਦੋਂ ਦਾਸ ਨਾਨਕ ਉਤੇ ਪ੍ਰਭੂ ਜੀ ਦਇਆਵਾਨ ਹੋ ਗਏ, ਤਾਂ ਨਾਨਕ ਨੂੰ ਪੂਰੇ ਗੁਰੂ ਦਾ ਮਿਲਾਪ ਹੋ ਗਿਆ।

ਸੂਹੀ ਮਹਲਾ 5 ॥ ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ॥ ਚਰਣ ਧੂੜਿ ਤੇਰੀ ਸੇਵਕੁ ਮਾਗੈ ਤੇ ਰੇ ਦਰਸਨ ਕਉ ਬਲਿਹਾਰਾ॥1॥ ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ॥ ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ॥1॥ਰਹਾਉ॥ ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥ ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥2॥ ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ ॥ ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ ॥3॥ ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ ॥ ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ ॥4॥8॥55॥ (749)

ਗੁਰੂ ਸਾਹਿਬ ਵਵੇ ਅੱਖਰ ਨਾਲ ਸਬਦ ਆਰੰਭ ਕਰਕੇ ਸਮਝਾ ਰਹੇ ਹਨ, ਕਿ ਅਕਾਲ ਪੁਰਖੁ ਹਰੇਕ ਸਰੀਰ ਵਿਚ ਸਮਾਇਆ ਹੋਇਆ ਹੈ, ਇਸ ਲਈ ਕਿਸੇ ਨਾਲ ਵੀ ਕੋਈ ਵੈਰ ਵਿਰੋਧ ਨਹੀਂ ਕਰਨਾ ਚਾਹੀਦਾ। ਅਕਾਲ ਪੁਰਖੁ ਪਾਣੀ ਵਿਚ ਮੌਜੂਦ ਹੈ ਤੇ ਧਰਤੀ ਵਿਚ ਜ਼ੱਰੇ ਜ਼ੱਰੇ ਵਿਚ ਵੀ ਵਿਆਪਕ ਹੈ, ਪਰੰਤੂ ਕਿਸੇ ਵਿਰਲੇ ਨੇ ਹੀ ਗੁਰੂ ਦੀ ਕਿਰਪਾ ਨਾਲ ਉਸ ਅਕਾਲ ਪੁਰਖੁ ਤਕ ਪਹੁੰਚ ਹਾਸਲ ਕੀਤੀ ਹੈ, ਉਸ ਅਕਾਲ ਪੁਰਖੁ ਬਾਰੇ ਜਾਣਕਾਰੀ ਹਾਸਲ ਕੀਤੀ ਹੈ। ਜਿਹੜੇ ਮਨੁੱਖ ਗੁਰੂ ਦੀ ਸਰਨ ਪੈ ਕੇ, ਗੁਰਮੁਖਾਂ ਦੀ ਤਰ੍ਹਾਂ ਉਸ ਅਕਾਲ ਪੁਰਖੁ ਨੂੰ ਚੇਤੇ ਕਰਦੇ ਹਨ, ਉਸ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਸੁਣਦੇ ਹਨ, ਉਨ੍ਹਾਂ ਦੇ ਮਨ ਵਿਚੋਂ ਵੈਰ ਵਿਰੋਧ ਮਿਟ ਜਾਂਦੇ ਹਨ। ਅਕਾਲ ਪੁਰਖੁ ਜਾਤ ਪਾਤ ਤੇ ਰੂਪ ਰੇਖ ਤੋਂ ਨਿਆਰਾ ਹੈ, ਉਸ ਦੀ ਕੋਈ ਜਾਤ ਪਾਤ ਨਹੀਂ ਦੱਸੀ ਜਾ ਸਕਦੀ, ਉਸ ਦਾ ਕੋਈ ਰੂਪ ਰੇਖ ਨਹੀਂ ਦੱਸਿਆ ਜਾ ਸਕਦਾ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਜਿਹੜੇ ਮਨੁੱਖ ਗੁਰੂ ਦੇ ਸਬਦ ਦੁਆਰਾ ਕੀਰਤਨੁ ਕਰਦੇ ਹਨ, ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਸੁਣਦੇ ਹਨ, ਉਨ੍ਹਾਂ ਦੇ ਮਨ ਵਿਚੋਂ ਵੈਰ ਵਿਰੋਧ ਮਿਟ ਜਾਂਦੇ ਹਨ, ਉਨ੍ਹਾਂ ਨੂੰ ਅਕਾਲ ਪੁਰਖੁ ਹਰੇਕ ਸਰੀਰ ਵਿਚ ਸਮਾਇਆ ਹੋਇਆ ਦਿਖਾਈ ਦੇਂਦਾ ਹੈ।

ਪਉੜੀ ॥ ਵਵਾ ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਵਾਸੁਦੇਵ ਜਲ ਥਲ ਮਹਿ ਰਵਿਆ ॥ ਗੁਰ ਪ੍ਰਸਾਦਿ ਵਿਰਲੈ ਹੀ ਗਵਿਆ॥ ਵੈਰ ਵਿਰੋਧ ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ ਜੋ

ਸੁਨਤੇ ॥ ਵਰਨ ਚਿਹਨ ਸਗਲਹ ਤੇ ਰਹਤਾ ॥ ਨਾਨਕ ਹਰਿਹਰਿ ਗੁਰਮੁਖਿ ਜੋ ਕਹਤਾ ॥46॥ (259260)

ਜੇਹੜਾ ਮਨੁੱਖ ਸਤਿਗੁਰੂ ਦੀ ਗੁਰਬਾਣੀ ਗਾਇਨ ਕਰਦਾ ਹੈ, ਗੁਰਬਾਣੀ ਨਾਲ ਪਿਆਰ ਕਰਦਾ ਹੈ, ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣਾਂ ਦੀ ਵੀਚਾਰ ਕਰਦਾ ਹੈ, ਗੁਰਬਾਣੀ ਕੀਰਤਨ ਦੁਆਰਾ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਦਾ ਹੈ, ਅਕਾਲ ਪੁਰਖੁ ਉਸ ਮਨੁੱਖ ਦਾ ਮਦਦਗਾਰ ਬਣ ਜਾਂਦਾ ਹੈ, ਤੇ ਉਸ ਮਨੁੱਖ ਦਾ ਜੀਵਨ ਸੁਖਦਾਈ ਤੇ ਆਤਮਕ ਆਨੰਦ ਵਾਲਾ ਬਣ ਜਾਂਦਾ ਹੈ। ਇਸ ਲਈ ਪੂਰੇ ਗੁਰੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਸਦਾ ਪੜ੍ਹਿਆ ਸਮਝਿਆ ਤੇ ਵੀਚਾਰਿਆ ਕਰੋ, ਤੇ ਅਕਾਲ ਪੁਰਖੁ ਦਾ ਨਾਮੁ ਜਪੁ ਕੇ ਆਤਮਕ ਆਨੰਦ ਮਾਣਿਆ ਕਰੋ, ਕਿਉਂਕਿ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਹੀ ਮਨੁੱਖ ਦੇ ਅੰਦਰ ਆਤਮਕ ਆਨੰਦ ਪੈਦਾ ਕਰਦੀ ਹੈ। ਇਸ ਲਈ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖੁ ਦਾ ਨਾਮੁ ਸਿਮਰਨ ਕਰਦੇ ਰਿਹਾ ਕਰੋ, ਸਿਮਰਨ ਦੀ ਬਰਕਤਿ ਨਾਲ ਸਾਧ ਸੰਗਤਿ ਵਿਚ ਸਦਾ ਆਤਮਕ ਆਨੰਦ ਮਾਣ ਸਕਦੇ ਹਾਂ, ਤੇ, ਫਿਰ ਅਕਾਲ ਪੁਰਖੁ ਕਦੇ ਵੀ ਮਨੁੱਖ ਦੇ ਮਨ ਵਿਚੋਂ ਭੁੱਲਦਾ ਨਹੀਂ। ਹੇ ਸਭ ਤੋਂ ਉੱਚੇ ਮਾਲਕ* ਅਕਾਲ ਪੁਰਖੁ* ਥੇਰਾ ਨਾਮੁ ਆਤਮਕ ਜੀਵਨ ਦੇਣ ਵਾਲਾ ਹੈ, ਜੇਹੜਾ ਮਨੁੱਖ ਤੇਰਾ ਨਾਮੁ ਚੇਤੇ ਕਰਦਾ ਰਹਿੰਦਾ ਹੈ, ਉਹ ਆਤਮਕ ਜੀਵਨ ਹਾਸਲ ਕਰ ਲੈਂਦਾ ਹੈ।

ਜਿਸ ਮਨੁੱਖ ਨੂੰ ਤੇਰੀ ਮੇਹਰ ਨਾਲ ਤੇਰਾ ਨਾਮੁ ਹਾਸਲ ਹੁੰਦਾ ਹੈ, ਉਹ ਮਨੁੱਖ ਪਵਿੱਤ੍ਰ ਜੀਵਨ ਵਾਲਾ ਬਣ ਜਾਂਦਾ ਹੈ। ਜਦੋਂ ਮਨੁੱਖ ਦਾ ਮਨ ਗੁਰੁ ਦੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ, ਉਦੋਂ ਉਹ ਮਨੁੱਖ ਗੁਰੂ ਦੀ ਮਤ ਅਨੁਸਾਰ ਚਲਣਾ ਸ਼ੁਰੂ ਕਰ ਦੇਂਦਾ ਹੈ, ਤਾਂ ਫਿਰ ਗੁਰੂ ਦੇ ਚਰਨਾਂ ਵਿਚ ਜੀਵਨ ਬਤੀਤ ਕਰਨ ਸਦਕਾ, ਉਸ ਦੀਆਂ ਸਾਰੀਆਂ ਰੁਕਾਵਟਾਂ ਖਤਮ ਹੋ ਜਾਂਦੀਆਂ ਹਨ, ਸਾਰੇ ਦੁਖ ਦੂਰ ਹੋ ਜਾਂਦੇ ਹਨ। ਉਹ ਮਨੁੱਖ ਹਰ ਵੇਲੇ ਅਬਿਨਾਸੀ ਤੇ ਅਟੱਲ ਅਕਾਲ ਪੁਰਖੁ ਦੇ ਗੁਣ ਗਾਇਨ ਕਰਦਾ ਕਰਦਾ ਰਹਿੰਦਾ ਹੈ, ਅਕਾਲ ਪੁਰਖੁ ਦੇ ਪ੍ਰੇਮ ਰੰਗ ਵਿਚ ਲੀਨ ਹੋ ਕੇ ਮਾਇਆ ਦੇ ਹੱਲਿਆਂ ਵਲੋਂ ਸੁਚੇਤ ਰਹਿੰਦਾ ਹੈ। ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਨ ਵਾਲਾ ਮਨੁੱਖ ਉਹੀ ਫਲ ਪ੍ਰਾਪਤ ਕਰ ਲੈਂਦਾ ਹੈ, ਜਿਨ੍ਹਾਂ ਦੀ ਕਾਮਨਾ ਉਸ ਦਾ ਮਨ ਕਰਦਾ ਹੈ, ਕਿਉਂਕਿ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਆਤਮਕ ਆਨੰਦ ਦੇਣ ਵਾਲੀ ਹੈ। ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੀ ਬਰਕਤਿ ਨਾਲ ਅਕਾਲ ਪੁਰਖੁ ਨਾਨਕ ਵਾਸਤੇ ਆਦਿ ਅੰਤਿ ਮਧਿ, ਭਾਵ ਸਦਾ ਲਈ ਮਦਦਗਾਰ ਬਣ ਜਾਂਦਾ ਹੈ।

ਸੋਰਠਿ ਮਹਲਾ 5 ॥ ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ ॥ ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥1॥ ਹਰਿ ਸਾਚਾ ਸਿਮਰਹੁ ਭਾਈ ॥ ਸਾਧ ਸੰਗਿ ਸਦਾ ਸੁਖੁ ਪਾਈਐ ਹਰਿ ਬਿਸਰਿ ਨ ਕਬਹੂ ਜਾਈ ॥ ਰਹਾਉ ॥ ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ ॥ ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ ॥2॥ ਬਿਘਨ ਬਿਨਾਸਨ ਸਭਿ ਦੁਖ ਨਾਸਨ ਗੁਰ ਚਰਣੀ ਮਨੁ ਲਾਗਾ ॥ ਗੁਣ ਗਾਵਤ ਅਚੁਤ ਅਬਿਨਾਸੀ ਅਨਦਿਨੁ ਹਰਿ ਰੰਗਿ ਜਾਗਾ ॥3॥ ਮਨ ਇਛੇ ਸੇਈ ਫਲ ਪਾਏ ਹਰਿ ਕੀ ਕਥਾ ਸੁਹੇਲੀ ॥ ਆਦਿ ਅੰਤਿ ਮਧਿ ਨਾਨਕ ਕਉ ਸੋ ਪ੍ਰਭੁ ਹੋਆ ਬੇਲੀ ॥4॥16॥27॥ (616)

ਹੇ ਮੇਰੇ ਮਿੱਤਰ* ਸਦਾ ਅਕਾਲ ਪੁਰਖੁ ਦਾ ਨਾਮੁ ਜਪਦਾ ਰਿਹਾ ਕਰ, ਅਕਾਲ ਪੁਰਖੁ ਦਾ ਨਾਮੁ ਜਪਣ ਨਾਲ ਤੇਰਾ ਮਨ ਪਵਿੱਤਰ ਹੋ ਜਾਵੇਗਾ। ਅਕਾਲ ਪੁਰਖੁ ਦਾ ਨਾਮੁ ਜਪਿਆਂ ਮਨ ਦੀ ਤੇ ਸਰੀਰ ਦੀ ਹਰੇਕ ਬਿਪਤਾ ਮਿਟ ਜਾਂਦੀ ਹੈ, ਹਰੇਕ ਦੁਖ ਦੂਰ ਹੋ ਜਾਂਦਾ ਹੈ, ਮਾਇਆ ਦੇ ਮੋਹ ਦਾ ਸਾਰਾ ਹਨੇਰਾ ਦੂਰ ਹੋ ਜਾਂਦਾ ਹੈ। ਅਕਾਲ ਪੁਰਖੁ ਦੇ ਗੁਣ ਗਾਇਨ ਕਰਦਿਆਂ ਕਰਦਿਆਂ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ। ਅਕਾਲ ਪੁਰਖੁ ਦੇ ਗੁਣ ਗਾਇਨ ਕਰਨ ਸਦਕਾ ਮਨੁੱਖ ਦੇ ਭਾਗ ਜਾਗ ਪੈਂਦੇ ਹਨ ਤੇ ਵੱਡੇ ਭਾਗਾਂ ਨਾਲ ਸਰਬ ਵਿਆਪਕ ਬੇਅੰਤ ਅਕਾਲ ਪੁਰਖੁ ਮਿਲ ਜਾਂਦਾ ਹੈ। ਜੇਹੜਾ ਮਨੁੱਖ ਸ੍ਰਿਸ਼ਟੀ ਦੇ ਪਾਲਣਹਾਰ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਨ ਕਰਦਾ ਰਹਿੰਦਾ ਹੈ, ਉਸ ਨੂੰ ਮੌਤ ਦਾ ਡਰ ਪੋਹ ਨਹੀਂ ਸਕਦਾ। ਅਜੇਹੇ ਮਨੁੱਖ ਦਾ ਦੁਨੀਆ ਵਿਚ ਆਉਣਾ ਸਫਲ ਹੋ ਜਾਂਦਾ ਹੈ। ਇਸ ਲਈ ਤੂੰ ਵੀ ਗੁਰਮੁਖਿ ਬਣ ਕੇ, ਸਬਦ ਗੁਰੂ ਦੁਆਰਾ ਆਪਣੇ ਮਾਲਕ ਅਕਾਲ ਪੁਰਖੁ ਨਾਲ ਜਾਣ ਪਛਾਣ ਬਣਾਈ ਰੱਖ। ਜੇਹੜਾ ਮਨੁੱਖ ਗੁਰੂ ਦੀ ਕਿਰਪਾ ਨਾਲ ਅਕਾਲ ਪੁਰਖੁ ਦੇ ਗੁਣ ਗਾਇਨ ਕਰਦਾ ਰਹਿੰਦਾ ਹੈ, ਉਸ ਦੇ ਅੰਦਰੋਂ ਕਾਮ ਕ੍ਰੋਧ ਆਦਿਕ ਝੱਲ ਪੁਣੇ ਮਿਟ ਜਾਂਦੇ ਹਨ। ਇਸ ਲਈ ਤੂੰ ਵੀ ਪੂਰੇ ਗੁਰੂ ਦਾ ਸੱਚਾ ਉਪਦੇਸ਼ ਲੈ ਕੇ ਅਕਾਲ ਪੁਰਖੁ ਨੂੰ ਸਦਾ ਆਪਣੇ ਅੰਗ ਸੰਗ ਵੱਸਦਾ ਸਮਝਿਆ ਕਰ। ਜਿਸ ਮਨੁੱਖ ਨੇ ਗੁਰੂ ਨੂੰ ਮਿਲ ਕੇ ਅਕਾਲ ਪੁਰਖੁ ਦਾ ਨਾਮੁ ਧਨ ਖੱਟ ਕੇ ਆਪਣੇ ਭੰਡਾਰੇ ਭਰ ਲਏ, ਉਸ ਨੇ ਆਪਣੇ ਸਾਰੇ ਹੀ ਕੰਮ ਸੰਵਾਰ ਲਏ। ਅਕਾਲ ਪੁਰਖੁ ਦੇ

ਨਾਮੁ ਵਿਚ ਪ੍ਰੇਮ ਪਾਉਂਣ ਦੀ ਬਰਕਤਿ ਨਾਲ ਉਸ ਦਾ ਮਨ ਜਾਗ ਜਾਂਦਾ ਹੈ, ਕਾਮ ਕ੍ਰੋਧ ਆਦਿਕ ਵਿਕਾਰਾਂ ਵਲੋਂ ਉਹ ਸਦਾ ਸੁਚੇਤ ਰਹਿੰਦਾ ਹੈ, ਤੇ ਉਸ ਦਾ ਮਨ ਹਮੇਸ਼ਾਂ ਅਕਾਲ ਪੁਰਖੁ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ।

ਗੋਂਡ ਮਹਲਾ 5॥ ਹਰਿ ਹਰਿ ਨਾਮੁ ਜਪਹੁ ਮੇਰੇ ਮੀਤ॥ ਨਿਰਮ ਲ ਹੋਇ ਤੁਮ''ਾਰਾ ਚੀਤ ॥ ਮਨ ਤਨ ਕੀ ਸਭ ਮਿਟੈ ਬਲਾਇ॥ ਦੂਖੁ ਅੰਧੇਰਾ ਸਗਲਾ ਜਾਇ ॥1॥ ਹਰਿ ਗੁਣ ਗਾਵਤ ਤਰੀਐ ਸੰਸਾਰੁ ॥ ਵਡ ਭਾਗੀ ਪਾਈਐ ਪੁਰਖੁ ਅਪਾਰੁ ॥1॥ ਰਹਾਉ ॥ ਜੋ ਜਨੁ ਕਰੈ ਕੀਰਤਨੁ ਗੋਪਾਲ ॥ ਤਿਸ ਕਉ ਪੋਹਿ ਨ ਸਕੈ ਜਮਕਾਲੁ ॥ ਜਗ ਮਹਿ ਆਇਆ ਸੋ ਪਰਵਾਣੁ ॥ ਗੁਰਮੁਖਿ ਅਪਨਾ ਖਸਮੁ ਪਛਾਣੁ ॥2॥ ਹਰਿ ਗੁਣ ਗਾਵੈ ਸੰਤ ਪ੍ਰਸਾਦਿ ॥ ਕਾਮ ਕ੍ਰੋਧ ਮਿਟਹਿ ਉਨਮਾਦ ॥ ਸਦਾ ਹਜੂਰਿ ਜਾਣੁ ਭਗਵੰਤ ॥ ਪੂਰੇ ਗੁਰ ਕਾ ਪੂਰਨ ਮੰਤ ॥3॥ ਹਰਿ ਧਨੁ ਖਾਟਿ ਕੀਏ ਭੰਡਾਰ ॥ ਮਿਲਿ ਸਤਿਗੁਰ ਸਭਿ ਕਾਜ ਸਵਾਰ ॥ ਹਰਿ ਕੇ ਨਾਮ ਰੰਗ ਸੰਗਿ ਜਾਗਾ ॥ ਹਰਿ ਚਰਣੀ ਨਾਨਕ ਮਨੁ ਲਾਗਾ ॥4॥14॥16॥ (867)

ਪਿਆਰੇ ਅਕਾਲ ਪੁਰਖੁ ਦੇ ਨਾਮੁ ਦਾ ਖ਼ਜ਼ਾਨਾ ਐਸਾ ਹੈ, ਜਿਸ ਵਿਚ ਉਸ ਦਾ ਨਾਮੁ ਹੀ ਰਤਨ ਤੇ ਜਵਾਹਰਾਤ ਹਨ, ਉਸ ਵਿਚ ਸਤ ਸੰਤੋਖ ਤੇ ਉੱਚੇ ਆਤਮਕ ਜੀਵਨ ਦੀ ਸੂਝ ਵਰਗੇ ਕੀਮਤੀ ਪਦਾਰਥ ਹਨ। ਅਕਾਲ ਪੁਰਖੁ ਦੇ ਨਾਮੁ ਦਾ ਖ਼ਜ਼ਾਨਾ ਸੁਖ, ਆਤਮਕ ਅਡੋਲਤਾ ਤੇ ਦਇਆ ਦਾ ਸੋਮਾ ਹੈ, ਪਰੰਤੂ ਉਹ ਨਾਮੁ ਦਾ ਖ਼ਜ਼ਾਨਾ ਅਕਾਲ ਪੁਰਖੁ ਨੇ ਆਪਣੇ ਭਗਤਾਂ ਦੇ ਹਵਾਲੇ ਕੀਤਾ ਹੋਇਆ ਹੈ। ਪਿਆਰੇ ਅਕਾਲ ਪੁਰਖੁ ਦੇ ਨਾਮੁ ਦਾ ਖ਼ਜ਼ਾਨਾ ਐਸਾ ਹੈ, ਕਿ ਉਸ ਨੂੰ ਆਪ ਵਰਤਦਿਆਂ ਤੇ ਹੋਰਨਾਂ ਨੂੰ ਵੰਡਦਿਆਂ, ਉਸ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਉਂਦੀ ਹੈ। ਉਸ ਅਕਾਲ ਪੁਰਖੁ ਦੇ ਖ਼ਜ਼ਾਨੇ ਦਾ ਅੰਤ ਨਹੀਂ ਲੱਭਿਆ ਜਾ ਸਕਦਾ, ਤੇ ਉਸ ਅਕਾਲ ਪੁਰਖੁ ਦੀ ਹਸਤੀ ਦਾ ਉਰਲਾ ਪਰਲਾ ਬੰਨਾ ਵੀ ਨਹੀਂ ਲੱਭਿਆ ਜਾ ਸਕਦਾ। ਗਿਆਨ ਦਾ ਖ਼ਜ਼ਾਨਾ ਵੀ ਇਕ ਐਸਾ ਖ਼ਜ਼ਾਨਾ ਹੈ, ਜਿਸ ਦਾ ਕੋਈ ਅੰਤ ਨਹੀਂ ਹੈ, ਤੇ ਜਿਤਨਾ ਮਰਜੀ ਵਰਤੀ ਜਾਉ ਤੇ ਵੰਡਦੇ ਜਾਉ ਕਦੇ ਵੀ ਘਟਦਾ ਨਹੀਂ। ਪਿਆਰੇ ਅਕਾਲ ਪੁਰਖੁ ਦੇ ਨਾਮੁ ਦਾ ਖ਼ਜ਼ਾਨਾ ਐਸਾ ਹੈ, ਜਿਸ ਵਿਚ ਉਸ ਦਾ ਕੀਰਤਨ ਇਕ ਅਜਿਹਾ ਹੀਰਾ ਹੈ, ਜਿਸ ਦਾ ਕੋਈ ਮੁੱਲ ਨਹੀਂ ਪੈ ਸਕਦਾ, ਕੀਰਤਨ ਦੀ ਬਰਕਤਿ ਨਾਲ ਅਕਾਲ ਪੁਰਖੁ ਦੇ ਮਿਲਾਪ ਦਾ ਆਨੰਦ ਪ੍ਰਾਪਤ ਹੁੰਦਾ ਹੈ, ਤੇ ਉਸ ਮਾਲਕ ਅਕਾਲ ਪੁਰਖੁ ਦੇ ਗੁਣਾਂ ਦਾ ਖ਼ਜ਼ਾਨਾ ਸਮੁੰਦਰ ਦੀ ਤਰ੍ਹਾਂ ਬਹੁਤ ਡੂੰਗਾ ਹੈ। ਗੁਰਬਾਣੀ ਦੇ ਕੀਰਤਨ ਦੀ ਬਰਕਤ ਨਾਲ ਪੈਦਾ ਹੋਈ ਇੱਕ ਰਸ ਜਾਰੀ ਰਹਿਣ ਵਾਲੀ ਸਿਫ਼ਤਿ ਸਾਲਾਹ ਦੀ ਰੌ ਮਨੁੱਖ ਲਈ ਸਰਮਾਇਆ ਹੈ, ਪਰੰਤੂ ਅਕਾਲ ਪੁਰਖੁ ਨੇ ਇਸ ਖ਼ਜ਼ਾਨੇ ਦੀ ਕੁੰਜੀ ਸੰਤਾਂ (ਸਬਦ ਗੁਰੂ) ਦੇ ਹੱਥ ਵਿਚ ਰੱਖੀ ਹੋਈ ਹੈ। ਜਿਸ ਹਿਰਦੇ ਘਰ ਵਿਚ ਅਕਾਲ ਪੁਰਖੁ ਦੇ ਨਾਮੁ ਦਾ ਖ਼ਜ਼ਾਨਾ ਆ ਵੱਸਦਾ ਹੈ, ਉਥੇ ਐਸੀ ਸਮਾਧੀ ਬਣੀ ਰਹਿੰਦੀ ਹੈ, ਜਿਸ ਵਿਚ ਕੋਈ ਮਾਇਕ ਫੁਰਨਾ ਨਹੀਂ ਉੱਠਦਾ, ਉਸ ਹਿਰਦੇ ਰੂਪੀ ਗੁਫ਼ਾ ਵਿਚ ਮਨੁੱਖ ਦੀ ਸੁਰਤੀ ਟਿਕੀ ਰਹਿੰਦੀ ਹੈ, ਤੇ ਉਸ ਹਿਰਦੇ ਘਰ ਵਿਚ ਸਿਰਫ਼ ਪੂਰਨ ਅਕਾਲ ਪੁਰਖੁ ਦਾ ਨਿਵਾਸ ਬਣਿਆ ਰਹਿੰਦਾ ਹੈ। ਜਿਸ ਭਗਤ ਦੇ ਹਿਰਦੇ ਵਿਚ ਉਹ ਖ਼ਜ਼ਾਨਾ ਪਰਗਟ ਹੋ ਜਾਂਦਾ ਹੈ, ਉਸ ਭਗਤ ਨਾਲ ਅਕਾਲ ਪੁਰਖੁ ਆਪਣਾ ਮਿਲਾਪ ਆਪ ਬਣਾ ਲੈਂਦਾ ਹੈ, ਫਿਰ ਉਸ ਹਿਰਦੇ ਘਰ ਵਿਚ ਖ਼ੁਸ਼ੀ ਗ਼ਮੀ ਜਾਂ ਜਨਮ ਮਰਨ ਦੇ ਗੇੜ ਦੇ ਡਰ ਦਾ ਕੋਈ ਅਸਰ ਨਹੀਂ ਹੁੰਦਾ। ਸਿਰਫ਼ ਉਸ ਮਨੁੱਖ ਨੇ ਗੁਰੂ ਦੀ ਸੰਗਤਿ ਵਿਚ ਰਹਿ ਕੇ ਅਕਾਲ ਪੁਰਖੁ ਦਾ ਨਾਮੁ ਰੂਪੀ ਧਨ ਲੱਭਾ ਹੈ, ਜਿਸ ਨੂੰ ਅਕਾਲ ਪੁਰਖੁ ਨੇ ਆਪ ਕਿਰਪਾ ਕਰ ਕੇ ਇਹ ਨਾਮੁ ਧਨ ਦਿਵਾਇਆ ਹੈ। ਹੇ ਦਇਆ ਦੇ ਸੋਮੇ ਅਕਾਲ ਪੁਰਖ* ਤੇਰੇ ਸੇਵਕ ਨਾਨਕ ਦੀ ਵੀ ਇਹੀ ਬੇਨਤੀ ਹੈ, ਕਿ ਤੇਰਾ ਨਾਮੁ ਮੇਰਾ ਸਰਮਾਇਆ ਬਣਿਆ ਰਹੇ, ਤੇ ਤੇਰਾ ਨਾਮੁ ਮੇਰੀ ਹਰ ਵੇਲੇ ਦੀ ਵਰਤਣ ਵਾਲੀ ਵਸਤੂ ਬਣੀ ਰਹੇ।

ਰਾਮਕਲੀ ਮਹਲਾ 5 ॥ ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥ ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥1॥ ਮੇਰੇ ਰਾਮ ਕੋ ਭੰਡਾਰੁ ॥ ਖਾਤ ਖਰਚਿ ਕਛੁ ਤੋਟਿ ਨ ਆਵੈ ਅੰਤੁ ਨਹੀ ਹਰਿ ਪਾਰਾਵਾਰੁ ॥1॥ ਰਹਾਉ ॥ ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥ ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥2॥ ਸੁੰਨ ਸਮਾਧਿ ਗੁਫਾ ਤਹ ਆਸਨੁ ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥ ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥ ਤਹ ਹਰਖ ਨ ਸੋਗ ਨ ਜਨਮ ਨ ਮਰਤ ॥3॥ ਕਰਿ ਕਿਰਪਾ ਜਿਸੁ ਆਪਿ ਦਿਵਾਇਆ ॥ ਸਾਧ ਸੰਗਿ ਤਿਨਿ ਹਰਿ ਧਨੁ ਪਾਇਆ ॥ ਦਇਆਲ ਪੁਰਖ ਨਾਨਕ ਅਰਦਾਸਿ ॥ ਹਰਿ ਮੇਰੀ

ਵਰਤਣਿ ਹਰਿ ਮੇਰੀ ਰਾਸਿ ॥4॥24॥35॥ (893)

ਉਪਰ ਲਿਖਿਆ ਸਬਦ ਸਪੱਸ਼ਟ ਕਰਦਾ ਹੈ, ਕਿ ਅਕਾਲ ਪੁਰਖੁ ਦਾ ਨਾਮੁ ਰੂਪੀ ਖ਼ਜ਼ਾਨਾ, ਸਬਦ ਗੁਰੂ ਦੁਆਰਾ ਅਕਾਲ ਪੁਰਖੁ ਦੀ ਸਿਫਤ ਸਾਲਾਹ ਕਰਕੇ ਪਾਇਆ ਜਾ ਸਕਦਾ ਹੈ। ਇਹ ਖ਼ਜ਼ਾਨਾ ਆਪ ਵਰਤਦਿਆਂ ਜਾ ਸਕਦਾ ਹੈ, ਹੋਰਨਾਂ ਵਿਚ ਵੰਡਿਆ ਜਾ ਸਕਦਾ ਹੈ, ਤੇ ਵੰਡਣ ਨਾਲ ਉਸ ਖ਼ਜ਼ਾਨੇ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਉਂਦੀ। ਅਕਾਲ ਪੁਰਖੁ ਦੇ ਨਾਮੁ ਰੂਪੀ ਖ਼ਜ਼ਾਨੇ ਦਾ ਅੰਤ ਨਹੀਂ ਲੱਭਿਆ ਜਾ ਸਕਦਾ। ਗਿਆਨ ਦਾ ਖ਼ਜ਼ਾਨਾ ਵੀ ਇਕ ਐਸਾ ਖ਼ਜ਼ਾਨਾ ਹੈ, ਜਿਸ ਦਾ ਕੋਈ ਅੰਤ ਨਹੀਂ ਹੈ, ਤੇ ਜਿਤਨਾ ਮਰਜੀ ਵਰਤੀ ਜਾਉ ਤੇ ਵੰਡਦੇ ਜਾਉ ਕਦੇ ਵੀ ਘਟਦਾ ਨਹੀਂ। ਅਕਾਲ ਪੁਰਖੁ ਦਾ ਕੀਰਤਨ ਇਕ ਅਜਿਹਾ ਹੀਰਾ ਹੈ, ਜਿਸ ਦਾ ਕੋਈ ਮੁੱਲ ਨਹੀਂ ਪੈ ਸਕਦਾ, ਕੀਰਤਨ ਦੀ ਬਰਕਤਿ ਨਾਲ ਮਨੁੱਖ ਨੂੰ ਅਕਾਲ ਪੁਰਖੁ ਦਾ ਮਿਲਾਪ ਤੇ ਆਨੰਦ ਪ੍ਰਾਪਤ ਹੁੰਦਾ ਹੈ। ਪਰੰਤੂ ਅਕਾਲ ਪੁਰਖੁ ਨੇ ਇਸ ਖ਼ਜ਼ਾਨੇ ਦੀ ਕੁੰਜੀ ਸਬਦ ਗੁਰੂ ਦੇ ਹੱਥ ਵਿਚ ਰੱਖੀ ਹੋਈ ਹੈ। ਇਸ ਲਈ ਗੁਰਬਾਣੀ ਦੇ ਗਿਆਨ ਦੁਆਰਾ ਅਕਾਲ ਪੁਰਖੁ ਦੀ ਸਿਫਤ ਸਾਲਾਹ ਕਰਕੇ, ਗੁਰੂ ਦੀ ਸੰਗਤਿ ਵਿਚ ਰਹਿ ਕੇ ਅਕਾਲ ਪੁਰਖੁ ਦੇ ਨਾਮੁ ਰੂਪੀ ਖ਼ਜ਼ਾਨੇ ਨੂੰ ਹਾਸਲ ਕਰਨਾ ਹੈ ਤਾਂ ਜੋ ਆਨੰਦ ਦੀ ਅਵਸਥਾ ਪ੍ਰਾਪਤ ਕਰਕੇ ਇਹ ਮਨੁੱਖਾ ਜਨਮ ਸਫਲ ਕੀਤਾ ਜਾ ਸਕੇ।

ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕੀਤਿਆਂ ਸਦਾ ਅਨੰਦ, ਸਦਾ ਸੁਖ ਤੇ ਸਦਾ ਸ਼ਾਂਤੀ ਬਣੀ ਰਹਿੰਦੀ ਹੈ। ਇਸ ਲਈ ਹੋਰ ਚਤੁਰਾਈਆਂ ਛੱਡ ਦੇਹ, ਨਾਮੁ ਦੀ ਬਰਕਤਿ ਨਾਲ ਸੰਸਾਰ ਰੂਪੀ ਸਮੁੰਦਰ ਤੋਂ ਤਰ ਜਾਵੇਗਾ। ਹੇ ਅਕਾਲ ਪੁਰਖੁ* ਤੂੰ ਬਹੁਤੇ ਵਿਖਾਵੇ ਵਾਲੇ ਤਰਲੇ ਕੀਤਿਆਂ ਕਿਸੇ ਜੀਵ ਦੇ ਵੱਸ ਵਿਚ ਨਹੀਂ ਆਉਂਦਾ। ਵੇਦਾ ਦਾ ਪਾਠ ਪੜ੍ਹਨ ਪੜ੍ਹਾਉਣ ਨਾਲ ਕੋਈ ਜੀਵ ਤੈਨੂੰ ਆਪਣੇ ਵੱਸ ਵਿਚ ਨਹੀਂ ਕਰ ਸਕਦਾ। ਤੀਰਥਾਂ ਉਤੇ ਇਸ਼ਨਾਨ ਕਰਨ ਨਾਲ ਤੈਨੂੰ ਆਪਣੇ ਵੱਸ ਵਿਚ ਨਹੀਂ ਕੀਤਾ ਜਾ ਸਕਦਾ। ਰਮਤੇ ਸਾਧੂਆਂ ਵਾਂਗ ਸਾਰੀ ਧਰਤੀ ਦੇ ਚਕਰ ਲਾਉਂਣ ਨਾਲ ਤੈਨੂੰ ਆਪਣੇ ਵੱਸ ਵਿਚ ਨਹੀਂ ਕੀਤਾ ਜਾ ਸਕਦਾ। ਕਿਸੇ ਤਰ੍ਹਾਂ ਦੀ ਚਤੁਰਾਈ ਜਾਂ ਸਿਆਣਪ ਨਾਲ ਤੈਨੂੰ ਆਪਣੇ ਕਾਬੂ ਵਿਚ ਨਹੀਂ ਕੀਤਾ ਜਾ ਸਕਦਾ। ਬਹੁਤਾ ਦਾਨ ਦੇਣ ਨਾਲ ਤੈਨੂੰ ਖ਼ੁਸ਼ ਨਹੀਂ ਕੀਤਾ ਜਾ ਸਕਦਾ। ਹੇ ਅਕਾਲ ਪੁਰਖੁ* ਤੂੰ ਕਿਸੇ ਜੀਵ ਦੇ ਵੱਸ ਵਿਚ ਨਹੀਂ ਆਉਂਦਾ, ਨਾ ਹੀ ਕਿਸੇ ਉਤੇ ਰੀਝਦਾ ਹੈ । ਹੇ ਅਪਹੁੰਚ ਤੇ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਰਹਿੰਣ ਵਾਲੇ (ਅਗੋਚਰ) ਅਕਾਲ ਪੁਰਖੁ*

ਹਰੇਕ ਜੀਵ ਤੇਰੇ ਅਧੀਨ ਹੈ, ਇਹਨਾਂ ਸਾਰੇ ਵਿਖਾਵੇ ਵਾਲੇ ਉੱਦਮਾਂ ਨਾਲ ਕੋਈ ਜੀਵ ਤੇਰੀ ਪ੍ਰਸੰਨਤਾ ਹਾਸਲ ਨਹੀਂ ਕਰ ਸਕਦਾ ਹੈ। ਹੇ ਅਕਾਲ ਪੁਰਖੁ* ਤੂੰ ਸਿਰਫ਼ ਉਨ੍ਹਾਂ ਗੁਰਮੁਖਾਂ ਉਤੇ ਰੀਝਦਾ ਹੈ, ਜਿਹੜੇ ਤੈਨੂੰ ਸਦਾ ਚੇਤੇ ਕਰਦੇ ਰਹਿੰਦੇ ਹਨ, ਤੇਰੀ ਸਿਫ਼ਤਿ ਸਾਲਾਹ ਕਰਦੇ ਰਹਿੰਦੇ ਹਨ, ਕਿਉਂਕਿ ਤੇਰਾ ਭਜਨ ਕਰਨ ਵਾਲਿਆਂ ਭਗਤਾਂ ਨੂੰ ਸਿਰਫ਼ ਤੇਰਾ ਹੀ ਆਸਰਾ ਹੁੰਦਾ ਹੈ।

ਮਃ 5 ॥ ਅਨਦ ਸੂਖ ਬਿਸ੍ਰਾਮ ਨਿਤ ਹਰਿ ਕਾ ਕੀਰਤਨੁ ਗਾਇ ॥ ਅਵਰ ਸਿਆਣਪ ਛਾਡਿ ਦੇਹਿ ਨਾਨਕ ਉਧਰਸਿ ਨਾਇ ॥2॥ ਪਉੜੀ ॥ ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥ ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥ ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥ ਨਾ ਤੂ ਆਵਹਿ ਵਸਿ ਧਰਤੀ ਧਾਈਐ ॥ ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥ ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥ ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥ ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥10॥ (962)

ਜਿਸ ਮਨੁੱਖ ਉੱਤੇ ਮਾਲਕ ਅਕਾਲ ਪੁਰਖੁ ਦੀ ਮਿਹਰ ਹੁੰਦੀ ਹੈ, ਉਹ ਸਦਾ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਨ ਕਰਦਾ ਰਹਿੰਦਾ ਹੈ, ਉਸ ਦੇ ਭਾਗ ਜਾਗ ਪੈਂਦੇ ਹਨ, ਉਸ ਦੀ ਦੌੜ ਭੱਜ ਮੁੱਕ ਜਾਂਦੀ ਹੈ, ਉਹ ਮਨੁੱਖ ਅਕਾਲ ਪੁਰਖੁ ਦੇ ਚਰਨਾਂ ਵਿਚ ਟਿਕਾਣਾ ਲੱਭ ਲੈਂਦਾ ਹੈ, ਉਸ ਦੀ ਸਾਰੀ ਭਟਕਣਾ ਦੂਰ ਹੋ ਜਾਂਦੀ ਹੈ। ਸੰਤ ਜਨਾਂ ਦੀ ਸਰਨ ਪੈਣ ਕਰਕੇ ਮੇਰੇ ਮਨ ਵਿਚ, ਮੇਰੇ ਚਿੱਤ ਵਿਚ ਸਰਬ ਵਿਆਪਕ ਸਿਰਜਣਹਾਰ ਅਕਾਲ ਪੁਰਖੁ ਆ ਵੱਸਿਆ ਹੈ, ਹੁਣ ਮੈਂ ਆਤਮਕ ਜੀਵਨ ਵਾਲਾ ਦਰਜਾ ਪ੍ਰਾਪਤ ਕਰ ਲਿਆ ਹੈ। ਜਿਹੜਾ ਮਨੁੱਖ ਸੰਤ ਜਨਾਂ ਦੀ ਸਰਨ ਪੈਂਦਾ ਹੈ, ਉਹ ਆਪਣੇ ਅੰਦਰੋਂ ਕਾਮ ਕ੍ਰੋਧ ਲੋਭ ਮੋਹ ਆਦਿਕ ਸਾਰੇ ਵਿਕਾਰ ਦੂਰ ਕਰ ਲੈਂਦਾ ਹੈ, ਉਸ ਦੇ ਇਹ ਸਾਰੇ ਹੀ ਵੈਰੀ ਦੂਰ ਹੋ ਜਾਂਦੇ ਹਨ। ਸਭ ਨੂੰ ਵੇਖਣ ਵਾਲਾ ਅਕਾਲ ਪੁਰਖੁ ਉਸ ਨੂੰ ਹਰ ਵੇਲੇ ਅੰਗ ਸੰਗ ਜਾਪਦਾ ਹੈ,

ਕਿਸੇ ਵੀ ਥਾਂ ਤੋਂ ਉਸ ਨੂੰ ਅਕਾਲ ਪੁਰਖੁ ਦੂਰ ਨਹੀਂ ਜਾਪਦਾ। ਸੰਤ ਜਨਾਂ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ, ਸੰਤ ਜਨ ਵਿਕਾਰੀਆਂ ਨੂੰ ਇਕ ਖਿਨ ਵਿਚ ਪਵਿੱਤਰ ਕਰ ਦੇਂਦੇ ਹਨ। ਸੰਤ ਜਨ ਜਿਸ ਮਨੁੱਖ ਦੇ ਮਦਦਗਾਰ ਬਣਦੇ ਹਨ, ਉਸ ਦੇ ਅੰਦਰ ਹਰ ਵੇਲੇ ਠੰਢ ਤੇ ਆਨੰਦ ਬਣਿਆ ਰਹਿੰਦਾ ਹੈ, ਉਸ ਦੀ ਹਰੇਕ ਮੰਗ ਪੂਰੀ ਹੋ ਜਾਂਦੀ ਹੈ। ਜਿਨ੍ਹਾਂ ਮਨੁੱਖਾਂ ਨੇ ਅਕਾਲ ਪੁਰਖੁ ਦੇ ਚਰਨਾਂ ਦਾ ਆਸਰਾ ਲੈ ਲਿਆ, ਉਨ੍ਹਾਂ ਦੇ ਸਾਰੇ ਡਰ ਦੂਰ ਹੋ ਗਏ, ਉਹ ਨਿਰਭਉ ਹੋ ਗਏ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਮੈਂ ਵੀ ਦਿਨ ਰਾਤ ਅਕਾਲ ਪੁਰਖੁ ਨਾਲ ਸੁਰਤਿ ਜੋੜ ਕੇ, ਉਸ ਮਾਲਕ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਨ ਕਰਦਾ ਰਹਿੰਦਾ ਹਾਂ।

ਮਾਰੂ ਮਹਲਾ 5 ॥ ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥ ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥1॥ ਅਬ ਮੋਹਿ ਜੀਵਨ ਪਦਵੀ ਪਾਈ ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥1॥ ਰਹਾਉ ॥ ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥ ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥2॥ ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥ ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥3॥ ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥ ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥4॥6॥ (1000)

ਸੰਤ ਜਨਾਂ ਦੀ ਸੰਗਤਿ ਵਿਚ ਟਿਕ ਕੇ ਅਕਾਲ ਪੁਰਖੁ ਦੇ ਗੁਣਾਂ ਬਾਰੇ ਗਿਆਨ ਦੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਆਪਸੀ ਵੀਚਾਰ ਨਾਲ, ਗੁਰਮਤਿ ਦੁਆਰਾ ਠੀਕ ਗਿਆਨ ਹਾਸਲ ਕੀਤਾ ਜਾ ਸਕੇ। ਸਰਬ ਵਿਆਪਕ, ਪੂਰਨ ਤੇ ਸਭ ਤੋਂ ਉੱਚੇ ਨੂਰ ਵਾਲੇ ਅਕਾਲ ਪੁਰਖੁ ਦਾ ਨਾਮੁ ਚੇਤੇ ਕਰਨ ਨਾਲ ਲੋਕ ਪਰਲੋਕ ਵਿਚ ਇਜ਼ਤ ਹਾਸਲ ਕੀਤੀ ਜਾ ਸਕਦੀ ਹੈ। ਗੁਰੂ ਦੀ ਸੰਗਤਿ ਵਿਚ ਅਕਾਲ ਪੁਰਖੁ ਦਾ ਨਾਮੁ ਸਿਮਰਨ ਨਾਲ ਜਨਮ ਮਰਨ ਦੇ ਗੇੜ ਮੁੱਕ ਜਾਂਦੇ ਹਨ, ਜੀਵਨ ਵਿਚ ਭਟਕਣਾਂ ਕਰਕੇ ਹੋਣ ਵਾਲੇ ਥਕੇਵੇਂ ਨਾਸ ਹੋ ਜਾਂਦੇ ਹਨ। ਅਕਾਲ ਪੁਰਖੁ ਦੇ ਪ੍ਰੇਮ ਵਿਚ ਰੰਗਣ ਨਾਲ ਵਿਕਾਰੀ ਮਨੁੱਖ ਵੀ ਇਕ ਖਿਨ ਵਿਚ ਸੁੱਚੇ ਜੀਵਨ ਵਾਲੇ ਹੋ ਜਾਂਦੇ ਹਨ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਜਿਹੜਾ ਜਿਹੜਾ ਮਨੁੱਖ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਉਚਾਰਦਾ ਹੈ, ਸੁਣਦਾ ਹੈ, ਤੇ ਜੀਵਨ ਵਿਚ ਅਪਨਾਉਂਦਾ ਹੈ, ਉਸ ਦੀ ਖੋਟੀ ਮਤਿ ਨਾਸ ਹੋ ਜਾਂਦੀ ਹੈ। ਅਜੇਹਾ ਮਨੁੱਖ ਆਪਣੀਆਂ ਸਾਰੀਆਂ ਮਨੋਕਾਮਨਾਂ ਹਾਸਲ ਕਰ ਲੈਂਦਾ ਹੈ, ਤੇ ਉਸ ਦੀ ਹਰੇਕ ਆਸ ਪੂਰੀ ਹੋ ਜਾਂਦੀ ਹੈ।

ਕਾਨੜਾ ਮਹਲਾ 5 ਘਰੁ 3॥ ੴ ਸਤਿਗੁਰ ਪ੍ਰਸਾਦਿ ॥ ਕਥੀਐ ਸੰਤਸੰਗਿ ਪ੍ਰਭ ਗਿਆਨੁ ॥ ਪੂਰਨ ਪਰਮ ਜੋਤਿ ਪਰਮੇਸੁਰ ਸਿਮਰਤ ਪਾਈਐ ਮਾਨੁ ॥1॥ ਰਹਾਉ ॥ ਆਵਤ ਜਾਤ ਰਹੇ ਸ੍ਰਮ ਨਾਸੇ ਸਿਮਰਤ ਸਾਧੂ ਸੰਗਿ ॥ ਪਤਿਤ ਪੁਨੀਤ ਹੋਹਿ ਖਿਨ ਭੀਤਰਿ ਪਾਰਬ੍ਰਹਮ ਕੈ ਰੰਗਿ ॥1॥ ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥ ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥2॥1॥12॥ (1300)

ਹੇ ਅਕਾਲ ਪੁਰਖੁ* ਇਸ ਲੋਕ ਵਿਚ ਤੂੰ ਹੀ ਮੇਰਾ ਸਹਾਰਾ ਹੈ, ਤੇ ਪਰਲੋਕ ਵਿਚ ਵੀ ਤੂੰ ਆਪ ਹੀ ਮੇਰਾ ਆਸਰਾ ਹੈ। ਸਾਰੇ ਜੀਅ ਜੰਤ ਤੇਰੇ ਹੀ ਪੈਦਾ ਕੀਤੇ ਹੋਏ ਹਨ ਤੇ ਤੇਰੇ ਸਹਾਰੇ ਹੀ ਰਹਿ ਰਹੇ ਹਨ। ਹੇ ਅਕਾਲ ਪੁਰਖੁ* ਤੈਥੋਂ ਬਿਨਾ ਮੈਨੂੰ ਕੋਈ ਹੋਰ ਸਹਾਈ ਨਹੀਂ ਦਿੱਸਦਾ, ਮੈਨੂੰ ਤੇਰੀ ਹੀ ਓਟ ਹੈ, ਤੇਰਾ ਹੀ ਆਸਰਾ ਹੈ, ਤੇ ਤੇਰਾ ਹੀ ਸਹਾਰਾ ਹੈ। ਹੇ ਮੇਰੇ ਸੁਆਮੀ* ਹੇ ਅੰਤਰਜਾਮੀ ਅਕਾਲ ਪੁਰਖੁ* ਥੇਰਾ ਸੇਵਕ ਤੇਰਾ ਨਾਮੁ ਆਪਣੀ ਜੀਭ ਨਾਲ ਜਪ ਜਪ ਕੇ ਆਤਮਕ ਜੀਵਨ ਹਾਸਲ ਕਰ ਲੈਂਦਾ ਹੈ। ਜਿਸ ਮਨੁੱਖ ਨੇ ਤੇਰੀ ਸੇਵਾ ਭਗਤੀ ਕੀਤੀ, ਉਸੇ ਨੇ ਹੀ ਆਤਮਕ ਆਨੰਦ ਮਾਣਿਆ, ਉਹ ਮਨੁੱਖ ਆਪਣਾ ਮਨੁੱਖਾ ਜਨਮ ਅਜਾਈਂ ਨਹੀਂ ਗਵਾਂਦਾ, ਜਿਵੇਂ ਕਿ ਜੁਆਰੀਆ ਜੂਏ ਵਿਚ ਸਭ ਕੁਝ ਹਾਰ ਜਾਂਦਾ ਹੈ। ਹੇ ਅਕਾਲ ਪੁਰਖੁ* ਤੇਰੇ ਜਿਸ ਸੇਵਕ ਨੇ ਤੇਰੀ ਨਾਮੁ ਰੂਪੀ ਦਵਾਈ ਲੱਭ ਲਈ, ਉਸ ਨੇ ਕਈ ਜਨਮਾਂ ਦੇ ਵਿਕਾਰਾਂ ਦੇ ਰੋਗ ਉਸ ਦਵਾਈ ਨਾਲ ਦੂਰ ਕਰ ਲਏ। ਇਸ ਲਈ ਦਿਨ ਰਾਤ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਨ ਕਰਦੇ ਰਿਹਾ ਕਰੋ, ਇਹੀ ਕਾਰ ਜੀਵਨ ਵਿਚ ਲਾਭ ਦੇਣ ਵਾਲੀ ਹੈ। ਅਕਾਲ ਪੁਰਖੁ ਨੇ ਜੇਹੜਾ ਆਪਣਾ ਸੇਵਕ, ਆਪਣੀ ਮਿਹਰ ਦੀ ਨਿਗਾਹ ਕਰ ਕੇ ਸੁਚੱਜੇ ਜੀਵਨ ਵਾਲਾ ਬਣਾ ਦਿੱਤਾ, ਉਸ ਸੇਵਕ ਨੇ ਹਰੇਕ ਸਰੀਰ ਵਿਚ ਉਸ ਅਕਾਲ ਪੁਰਖੁ ਨੂੰ ਵੱਸਦਾ ਵੇਖ ਕੇ, ਹਰੇਕ ਅੱਗੇ ਆਪਣਾ ਸਿਰ ਨਿਵਾਇਆ ਭਾਵ, ਹਰੇਕ ਨਾਲ ਪ੍ਰੇਮ ਪਿਆਰ ਵਾਲਾ ਵਰਤਾਵ ਕੀਤਾ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਇਕ ਅਕਾਲ ਪੁਰਖੁ ਤੋਂ ਬਿਨਾ ਉਸ ਵਰਗਾ ਹੋਰ ਕੋਈ ਨਹੀਂ ਹੈ, ਇਹੀ ਸਭ ਤੋਂ ਸ੍ਰੇਸ਼ਟ ਸੂਝ ਹੈ।

ਮਾਝ ਮਹਲਾ 5 ॥ ਐਥੈ ਤੂੰਹੈ ਆਗੈ ਆਪੇ ॥ ਜੀਅ ਜੰਤ੍ਰ ਸਭਿ ਤੇਰੇ ਥਾਪੇ ॥ ਤੁਧੁ ਬਿਨੁ ਅਵਰੁ ਨ ਕੋਈ ਕਰਤੇ ਮੈ ਧਰ ਓਟ ਤੁਮਾਰੀ ਜੀਉ ॥1॥ ਰਸਨਾ ਜਪਿ ਜਪਿ ਜੀਵੈ ਸੁਆਮੀ ॥ ਪਾਰਬ੍ਰਹਮ ਪ੍ਰਭ ਅੰਤਰਜਾਮੀ ॥ ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰੀ ਜੀਉ ॥2॥ ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ ॥ ਜਨਮ ਜਨਮ ਕਾ ਰੋਗੁ ਗਵਾਇਆ ॥ ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ ॥3॥ ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥ ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥ ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥4॥39॥46॥ (107-108)

ਮੈਂ ਬਹੁਤ ਰੰਗਾਂ ਵਾਲੀ ਮਾਇਆ ਕਈ ਤਰੀਕਿਆਂ ਨਾਲ ਮਨੁੱਖ ਦੇ ਮਨ ਨੂੰ ਮੋਂਹਦੀ ਵੇਖੀ ਹੈ। ਕਾਗਜ਼ ਕਲਮ ਲੈ ਕੇ ਕਈਆਂ ਨੇ ਅਨੇਕਾਂ ਵਿਦਵਤਾ ਵਾਲੇ ਮਾਇਆ ਸਬੰਧੀ ਲੇਖ ਲਿਖੇ ਹਨ, ਪਰੰਤੂ ਮਾਇਆ ਉਨ੍ਹਾਂ ਨੂੰ ਵੀ ਵਿਦਵਤਾ ਦੇ ਰੂਪ ਵਿਚ ਮੋਹ ਰਹੀ ਹੈ। ਕਈਆਂ ਨੇ ਚੌਧਰੀ ਸੁਲਤਾਨ ਖਾਨ ਬਾਦਸ਼ਾਹ ਬਣ ਕੇ ਵੇਖ ਲਿਆ ਹੈ। ਇਹਨਾਂ ਨਾਲ ਕਿਸੇ ਦਾ ਮਨ ਤ੍ਰਿਪਤ ਨਹੀਂ ਹੋ ਸਕਿਆ। ਹੇ ਸੰਤ ਜਨੋ* ਮੈਨੂੰ ਉਹ ਆਤਮਕ ਆਨੰਦ ਦੱਸੋ, ਜਿਸ ਨਾਲ ਮੇਰੀ ਮਾਇਆ ਦੀ ਤ੍ਰਿਸ਼ਨਾ ਮਿਟ ਜਾਏ ਤੇ ਮੇਰਾ ਮਨ ਸੰਤੋਖੀ ਬਣ ਜਾਵੇ। ਕਈਆਂ ਨੇ ਹਾਥੀਆਂ ਦੀ ਤੇ ਹਵਾ ਵਰਗੇ ਤੇਜ਼ ਘੋੜਿਆਂ ਦੀ ਸਵਾਰੀ ਕਰਕੇ ਵੇਖੀ ਹੈ, ਕਈਆਂ ਨੇ ਅਤਰ ਤੇ ਚੰਦਨ ਵਰਤ ਵੇਖਿਆ ਹੈ, ਕਈਆਂ ਨੇ ਸੁੰਦਰ ਇਸਤ੍ਰੀ ਦੀ ਸੇਜ ਮਾਣ ਕੇ ਵੇਖੀ ਹੈ, ਕਈਆਂ ਨੇ ਰੰਗ ਭੂਮੀ ਵਿਚ ਨਟਾਂ ਦੇ ਨਾਟਕ ਵੇਖੇ ਹਨ, ਤੇ ਉਨ੍ਹਾਂ ਦੇ ਗੀਤ ਗਾਏ ਹੋਏ ਸੁਣੇ ਹਨ। ਇਹਨਾਂ ਸਭਨਾਂ ਵਿਚ ਰੁੱਝ ਕੇ ਵੀ ਕਿਸੇ ਨੇ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਕੀਤੀ ਹੈ। ਰਾਜ ਦਰਬਾਰ ਦੀਆਂ ਸਜਾਵਟਾਂ, ਤਖ਼ਤ ਉਤੇ ਬੈਠਣਾ, ਕਈ ਤਰ੍ਹਾਂ ਦੇ ਦੁਲੀਚੇ ਵਿਸ਼ਾਉਣੇ, ਸਭ ਕਿਸਮਾਂ ਦੇ ਫਲ, ਸੁੰਦਰ ਫੁਲਵਾੜੀਆਂ, ਸ਼ਿਕਾਰ ਖੇਡਣ ਵਾਲੀ ਰੁਚੀ, ਰਾਜਿਆਂ ਦੀਆਂ ਖੇਡਾਂ, ਇਹਨਾਂ ਸਭਨਾਂ ਨਾਲ ਵੀ ਮਨ ਸੁਖੀ ਨਹੀਂ ਹੁੰਦਾ ਹੈ। ਇਹ ਸਾਰੇ ਜਤਨ ਛਲ ਹੀ ਸਾਬਤ ਹੁੰਦੇ ਹਨ। ਦੁਨੀਆ ਦੇ ਰੰਗ ਤਮਾਸ਼ਿਆਂ ਵਿਚੋਂ ਸੁਖ ਭਾਲਦੇ ਨੂੰ ਸੰਤਾਂ ਨੇ ਮੇਹਰ ਕਰ ਕੇ ਸੱਚ ਦੱਸਿਆ, ਕਿ ਸਾਧ ਸੰਗਤਿ ਵਿਚ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਨ ਕਰਨੇ ਚਾਹੀਦੇ ਹਨ, ਸਿਰਫ਼ ਇਸੇ ਉੱਦਮ ਨਾਲ ਹੀ ਇਹ ਆਤਮਕ ਆਨੰਦ ਮਿਲ ਸਕਦਾ ਹੈ, ਜੋ ਕਿ ਸਾਰੇ ਸੁਖਾਂ ਦਾ ਮੂਲ ਹੈ। ਪਰੰਤੂ ਸਿਫ਼ਤਿ ਸਾਲਾਹ ਦੀ ਇਹ ਦਾਤਿ ਵੱਡੇ ਭਾਗਾਂ ਨਾਲ ਹੀ ਕਿਸੇ ਮਨੁੱਖ ਨੂੰ ਮਿਲਦੀ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਅਕਾਲ ਪੁਰਖੁ ਦਾ ਨਾਮੁ ਧਨ ਮੌਜੂਦ ਹੈ, ਉਹੀ ਮਨੁੱਖ ਸੌਖਾ ਤੇ ਆਨੰਦ ਵਾਲਾ ਜੀਵਨ ਬਤੀਤ ਕਰਦਾ ਹੈ, ਪਰੰਤੂ ਸਾਧ ਸੰਗਤਿ ਵਿਚ ਮਿਲ ਬੈਠਣਾ ਅਕਾਲ ਪੁਰਖੁ ਦੀ ਕਿਰਪਾ ਨਾਲ ਕਿਸੇ ਕਿਸੇ ਮਨੁੱਖ ਨੂੰ ਹੀ ਨਸੀਬ ਹੁੰਦਾ ਹੈ।

ਗਉੜੀ ਗੁਆਰੇਰੀ ਮਹਲਾ 5 ॥ ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥ ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥1॥ ਸੋ ਸੁਖੁ ਮੋ ਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥1॥ ਰਹਾਉ ॥ ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥ ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥2॥ ਤਖਤੁ ਸਭਾ ਮੰਡਨ ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥ ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥3॥ ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨੰਦੁ ਲਹਿਆ ॥ ਸਾਧਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥4॥ ਜਾ ਕੈ ਹਰਿ ਧਨੁ ਸੋਈ ਸੁਹੇਲਾ ॥ ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ ॥1॥ ਰਹਾਉ ਦੂਜਾ ॥ 12॥81॥ (179)

ਉਹ ਕੇਹੜਾ ਮਨੁੱਖ ਹੈ, ਜਿਹੜਾ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਰਹਿੰਦਾ ਹੈ, ਜੀਵਨ ਵਿਚ ਵਿਚਰਨ ਦੀ ਜੁਗਤੀ ਜਾਣਦਾ ਹੈ, ਅਕਾਲ ਪੁਰਖੁ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ ਉਹ ਕੇਹੜਾ ਮਨੁੱਖ ਹੈ, ਜਿਹੜਾ ਗੁਰੂ ਦੀ ਸਿਖਿਆ ਦੁਆਰਾ ਗਿਆਨ ਹਾਸਲ ਕਰਕੇ ਨਿਰਭਉ ਤੇ ਨਿਰਵੈਰ ਵਾਲਾ ਜੀਵਨ ਬਤੀਤ ਕਰਦਾ ਹੈ, ਅਕਾਲ ਪੁਰਖੁ ਨਾਲ ਡੂੰਘੀ ਸਾਂਝ ਪਾਈ ਰੱਖਦਾ ਹੈ, ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਦਾ ਰਹਿੰਦਾ ਹੈ ਸੁਚੱਜਾ ਗ੍ਰਿਹਸਤੀ ਕੌਣ ਹੋ ਸਕਦਾ ਹੈ ਮਾਇਆ ਤੋਂ ਨਿਰਲੇਪ ਕੌਣ ਹੈ ਉਹ ਕੇਹੜਾ ਮਨੁੱਖ ਹੈ, ਜਿਹੜਾ ਮਨੁੱਖਾ ਜਨਮ ਦੀ ਕਦਰ ਸਮਝਦਾ ਹੈ ਤੇ ਆਪਣਾ ਮਨੁੱਖਾ ਜਨਮ ਸਫਲ ਕਰਨ ਲਈ ਉਪਰਾਲੇ ਕਰਦਾ ਰਹਿੰਦਾ ਹੈ ਮਨੁੱਖ ਮਾਇਆ ਦੇ ਮੋਹ ਦੇ ਬੰਧਨਾਂ ਵਿਚ ਕਿਵੇਂ ਬੱਝ ਜਾਂਦਾ ਹੈ ਤੇ ਕਿਵੇਂ ਉਨ੍ਹਾਂ ਬੰਧਨਾਂ ਤੋਂ ਸੁਤੰਤਰ ਹੁੰਦਾ ਹੈ ਕਿਸ ਤਰੀਕੇ ਨਾਲ ਜਨਮ ਮਰਨ ਦਾ ਗੇੜ

ਮੁੱਕਦਾ ਹੈ ਸੁਚੱਜੇ ਕੰਮ ਕੇਹੜੇ ਹਨੈ ਉਹ ਕੇਹੜਾ ਮਨੁੱਖ ਹੈ, ਜਿਹੜਾ ਦੁਨੀਆ ਵਿਚ ਵਿਚਰਦਾ ਹੋਇਆ ਵੀ ਵਾਸਨਾ ਰਹਿਤ ਹੈ ਉਹ ਕੇਹੜਾ ਮਨੁੱਖ ਹੈ, ਜਿਹੜਾ ਆਪ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰਦਾ ਹੈ ਤੇ ਹੋਰਨਾਂ ਕੋਲੋਂ ਕਰਾਂਦਾ ਹੈ ਸੁਖੀ ਜੀਵਨ ਵਾਲਾ ਕੌਣ ਹੈ ਕੌਣ ਦੁਖਾਂ ਵਿਚ ਘਿਰਿਆ ਹੋਇਆ ਹੈ ਅਕਾਲ ਪੁਰਖੁ ਦੇ ਸਨਮੁਖ ਕਿਸ ਨੂੰ ਕਿਹਾ ਜਾਂਦਾ ਹੈ ਅਕਾਲ ਪੁਰਖੁ ਤੋਂ ਬੇਮੁਖ ਕਿਸ ਨੂੰ ਆਖੀਦਾ ਹੈ ਅਕਾਲ ਪੁਰਖੁ ਦੇ ਚਰਨਾਂ ਦਾ ਮਿਲਾਪ ਕਿਸ ਤਰ੍ਹਾਂ ਹੋ ਸਕਦਾ ਹੈ ਮਨੁੱਖ ਅਕਾਲ ਪੁਰਖੁ ਤੋਂ ਕਿਵੇਂ ਵਿੱਛੜ ਜਾਂਦਾ ਹੈ ਇਹ ਜੀਵਨ ਦੀ ਜਾਚ ਕੌਣ ਸਿਖਾਂਦਾ ਹੈ ਉਹ ਕੇਹੜਾ ਸ਼ਬਦ ਹੈ, ਜਿਸ ਦੁਆਰਾ ਵਿਕਾਰਾਂ ਵਲ ਦੌੜਦਾ ਮਨ ਟਿਕ ਜਾਂਦਾ ਹੈ ਉਹ ਕੇਹੜਾ ਉਪਦੇਸ਼ ਹੈ, ਜਿਸ ਅਨੁਸਾਰ ਚਲ ਕੇ ਮਨੁੱਖ ਦੁਖ ਸੁਖ ਇਕੋ ਜਿਹੇ ਸਹਾਰ ਸਕਦਾ ਹੈ ਉਹ ਕੇਹੜਾ ਜੀਵਨ ਦਾ ਢੰਗ ਹੈ, ਜਿਸ ਨਾਲ ਮਨੁੱਖ ਅਕਾਲ ਪੁਰਖੁ ਨੂੰ ਸਿਮਰ ਸਕਦਾ ਹੈ ਕਿਸ ਤਰ੍ਹਾਂ ਮਨੁੱਖ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰ ਸਕਦਾ ਹੈ ਗੁਰੂ ਸਾਹਿਬ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਦੇ ਕੇ ਸਮਝਾਂਦੇ ਹਨ, ਕਿ ਗੁਰੂ ਦੇ ਦੱਸੇ ਰਾਹ ਤੇ ਚਲਣ ਵਾਲਾ ਮਨੁੱਖ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਰਹਿੰਦਾ ਹੈ ਤੇ ਮਨੁੱਖਾਂ ਜੀਵਨ ਬਤੀਤ ਕਰਨ ਦੀ ਜਾਚ ਸਿਖ ਸਕਦਾ ਹੈ। ਗੁਰੂ ਦੀ ਸਿਖਿਆ ਦੁਆਰਾ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਬਾਰੇ ਗਿਆਨ ਹਾਸਲ ਕਰਕੇ ਮਨੁੱਖ ਨਿਰਭਉ ਤੇ ਨਿਰਵੈਰ ਵਾਲਾ ਜੀਵਨ ਬਤੀਤ ਕਰ ਸਕਦਾ ਹੈ, ਅਕਾਲ ਪੁਰਖੁ ਨਾਲ ਡੂੰਘੀ ਸਾਂਝ ਪਾ ਸਕਦਾ ਹੈ, ਉਸ ਦੀ ਸਿਫ਼ਤਿ ਸਾਲਾਹ ਕਰ ਸਕਦਾ ਹੈ ਤੇ ਅਕਾਲ ਪੁਰਖੁ ਦੀ ਯਾਦ ਵਿਚ ਜੁੜਿਆ ਰਹਿ ਸਕਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਹੀ ਭਾਗਾਂ ਵਾਲਾ ਤੇ ਅਸਲ ਗ੍ਰਿਹਸਤੀ ਹੈ, ਉਹ ਦੁਨੀਆ ਦੀ ਕਿਰਤ ਵਿਹਾਰ ਕਰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਗੁਰੂ ਦੇ ਦੱਸੇ ਰਾਹ ਤੇ ਤੁਰਨ ਵਾਲਾ ਮਨੁੱਖ ਹੀ ਮਨੁੱਖਾ ਜੀਵਨ ਦੀ ਕਦਰ ਕੀਮਤ ਸਮਝਦਾ ਹੈ। ਆਪਣੇ ਮਨ ਦੇ ਪਿੱਛੇ ਤੁਰ ਕੇ ਮਨੁੱਖ ਆਪਣੀ ਹਉਮੈ ਦੇ ਕਾਰਨ ਮਾਇਆ ਦੇ ਬੰਧਨਾਂ ਵਿਚ ਬੱਝਿਆ ਰਹਿੰਦਾ ਹੈ, ਤੇ ਗੁਰੂ ਦੀ ਸਰਨ ਪੈ ਕੇ ਇਹਨਾਂ ਬੰਧਨਾਂ ਤੋਂ ਆਜ਼ਾਦ ਹੋ ਸਕਦਾ ਹੈ। ਗੁਰੂ ਦੇ ਦੱਸੇ ਰਾਹ ਉੱਤੇ ਤੁਰਿਆਂ ਮਨੁੱਖ ਦਾ ਜਨਮ ਮਰਨ ਦਾ ਗੇੜ ਮੁੱਕ ਸਕਦਾ ਹੈ। ਗੁਰੂ ਦੇ ਸਨਮੁਖ ਰਹਿ ਕੇ ਹੀ ਸੁਚੱਜੇ ਕੰਮ ਹੋ ਸਕਦੇ ਹਨ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਦੁਨੀਆ ਦੀ ਕਿਰਤ ਵਿਹਾਰ ਕਰਦਾ ਹੋਇਆ ਮਾਇਆ ਤੋਂ ਨਿਰਲੇਪ ਰਹਿ ਸਕਦਾ ਹੈ ਤੇ ਆਪਣੇ ਪੰਜ ਵਿਕਾਰਾਂ ਨੂੰ ਕਾਬੂ ਕਰ ਸਕਦਾ ਹੈ। ਅਜੇਹਾ ਮਨੁੱਖ ਜੋ ਕੁਝ ਵੀ ਕਰਦਾ ਹੈ, ਅਕਾਲ ਪੁਰਖੁ ਦੇ ਪ੍ਰੇਮ ਵਿਚ ਟਿਕ ਕੇ ਕਰਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਸੁਖੀ ਜੀਵਨ ਵਾਲਾ ਹੁੰਦਾ ਹੈ, ਪਰੰਤੂ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਨਿੱਤ ਦੁਖੀ ਰਹਿੰਦਾ ਹੈ। ਗੁਰੂ ਦੇ ਦੱਸੇ ਰਾਹ ਤੇ ਤੁਰਨ ਵਾਲਾ ਮਨੁੱਖ ਆਪਣਾ ਮੂੰਹ ਅਕਾਲ ਪੁਰਖੁ ਵਲ ਰੱਖਦਾ ਹੈ, ਭਾਵ ਹਰੇਕ ਵਿਚ ਅਕਾਲ ਪੁਰਖੁ ਨੂੰ ਵਸਦਾ ਵੇਖਦਾ ਹੈ, ਪਰੰਤੂ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਅਕਾਲ ਪੁਰਖੁ ਵਲੋਂ ਮੂੰਹ ਮੋੜੀ ਰੱਖਦਾ ਹੈ। ਗੁਰੂ ਦੇ ਸਨਮੁਖ ਰਿਹਾਂ ਤੇ ਗੁਰੂ ਦੀ ਸਿਖਿਆ ਅਨੁਸਾਰ ਚਲਣ ਨਾਲ ਅਕਾਲ ਪੁਰਖੁ ਨੂੰ ਮਿਲ ਸਕੀਦਾ ਹੈ, ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਅਕਾਲ ਪੁਰਖੁ ਤੋਂ ਵਿੱਛੁੜ ਜਾਂਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਹੀ ਸਹੀ ਜੀਵਨ ਦੀ ਜਾਚ ਸਿਖਾਂਦਾ ਹੈ, ਗੁਰੂ ਦੀ ਸਿਖਿਆ ਅਨੁਸਾਰ ਆਪ ਚਲਦਾ ਹੈ ਤੇ ਦੂਸਰਿਆਂ ਨੂੰ ਗੁਰੂ ਦੀ ਸਿਖਿਆ ਅਨੁਸਾਰ ਚਲਣ ਲਈ ਪ੍ਰੇਰਤ ਕਰਦਾ ਹੈ। ਗੁਰੂ ਦੇ ਮੂੰਹੋਂ ਨਿਕਲਿਆ ਸ਼ਬਦ ਹੀ ਉਹ ਬੋਲ ਹੈ, ਜਿਸ ਦੀ ਬਰਕਤਿ ਨਾਲ ਵਿਕਾਰਾਂ ਵਲ ਦੌੜਦਾ ਹੋਇਆ ਮਨ ਖਲੋ ਜਾਂਦਾ ਹੈ, ਮਨ ਸਹਿਜ ਅਵਸਥਾ ਵਿਚ ਆ ਜਾਂਦਾ ਹੈ ਤੇ ਅਡੋਲ ਟਿਕਿਆ ਰਹਿੰਦਾ ਹੈ। ਗੁਰੂ ਤੋਂ ਮਿਲਿਆ ਉਪਦੇਸ਼ ਹੀ ਅਜੇਹੀ ਸਮਰੱਥਾ ਰੱਖਦਾ ਹੈ, ਕਿ ਮਨੁੱਖ ਉਸ ਦੇ ਆਸਰੇ ਦੁਖ ਸੁਖ ਨੂੰ ਇਕੋ ਜਿਹਾ ਸਮਝ ਕੇ ਸਹਾਰਦਾ ਹੈ। ਗੁਰੂ ਦੇ ਰਾਹ ਤੇ ਤੁਰਨਾ ਹੀ ਜੀਵਨ ਦੀ ਅਜੇਹੀ ਚਾਲ ਹੈ, ਜਿਸ ਦੁਆਰਾ ਮਨੁੱਖ ਆਪਣੇ ਮਨ ਵਿਚ ਅਕਾਲ ਪੁਰਖੁ ਦਾ ਧਿਆਨ ਧਰ ਸਕਦਾ ਹੈ, ਅਕਾਲ ਪੁਰਖੁ ਨੂੰ ਜਪ ਸਕਦਾ ਹੈ, ਉਸ ਅਕਾਲ ਪੁਰਖੁ ਵਿਚ ਆਪਣੀ ਲਿਵ ਲਗਾ ਸਕਦਾ ਹੈ ਤੇ ਉਸ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰ ਸਕਦਾ ਹੈ। ਪਰੰਤੂ ਗੁਰਮੁਖ ਤੇ ਮਨਮੁਖ, ਇਹ ਸਾਰੀ ਬਣਤਰ ਅਕਾਲ ਪੁਰਖੁ ਨੇ ਆਪ ਹੀ ਬਣਾਈ ਹੈ, ਸਭ ਜੀਵਾਂ ਵਿਚ ਵਿਆਪਕ ਹੋ ਕੇ ਉਹ ਅਕਾਲ ਪੁਰਖੁ ਆਪ ਹੀ ਸਭ ਕੁਝ ਕਰਦਾ ਹੈ ਤੇ ਉਹ ਆਪ ਹੀ ਜੀਵਾਂ ਪਾਸੋਂ ਕਰਾਂਦਾ ਹੈ, ਅਕਾਲ ਪੁਰਖੁ ਆਪ ਹੀ ਜਗਤ ਦੀ ਸਾਰੀ ਖੇਡ ਚਲਾ ਰਿਹਾ ਹੈ। ਗੁਰੁ ਸਾਹਿਬ ਇਹੀ ਸਮਝਾਂਦੇ ਹਨ, ਕਿ ਅਕਾਲ ਪੁਰਖੁ ਆਪ ਹੀ ਆਪਣੇ ਆਪ ਵਿਚ ਇੱਕ ਹੈ ਤੇ ਆਪ ਹੀ ਆਪਣੇ ਇੱਕ ਸਰੂਪ ਤੋਂ ਬੇਅੰਤ ਰੂਪਾਂ ਰੰਗਾਂ ਵਾਲਾ ਬਣਿਆ ਹੋਇਆ ਹੈ। ਇਹ ਸਾਰਾ ਬਹੁ ਰੰਗੀ ਜਗਤ ਉਸ ਇੱਕ ਵਿਚ ਹੀ ਲੀਨ ਹੋ ਜਾਂਦਾ ਹੈ।

ਮਾਝ ਮਹਲਾ 5 ॥ ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ ॥ ਕਉਣੁ ਸੁ ਗਿਆਨੀ ਕਉਣੁ ਸੁ ਬਕਤਾ ॥ ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ ॥1॥ ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ ॥ ਕਿਨਿ ਬਿਧਿ ਆਵਣੁ ਜਾਵਣੁ ਤੂਟਾ ॥ ਕਉਣ ਕਰਮ ਕਉਣਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ ॥2॥ ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥ ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ ॥ ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥3॥ ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥ ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥ ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ ॥4॥ ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥ ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥ ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥5॥ ਹਉਮੈ ਬਾਧਾ ਗੁਰਮੁਖਿ ਛੂਟਾ ॥ ਗੁਰਮੁਖਿ ਆਵਣੁ ਜਾਵਣੁ ਤੂਟਾ ॥ ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁ ਸੁਭਾਏ ਜੀਉ ॥6॥ ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥ ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥ ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥7॥ ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥ ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥ ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ ॥8॥ ਸਗਲੀ ਬਣਤ ਬਣਾਈ ਆਪੇ ॥ ਆਪੇ ਕਰੇ ਕਰਾਏ ਥਾਪੇ ॥ ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥ 9॥2॥36॥ (131)

ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਸਰਨ ਪੈ ਕੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਸੁਣ ਕੇ ਆਪਣੇ ਮਨ ਤੋਂ ਵਿਕਾਰਾਂ ਦੀ ਮੈਲ ਲਾਹ ਲਈ, ਉਹ ਬੜੇ ਹੀ ਪਵਿਤ੍ਰ ਜੀਵਨ ਵਾਲੇ ਬਣ ਗਏ, ਉਨ੍ਹਾਂ ਮਨੁੱਖਾਂ ਨੇ ਅਨੇਕਾਂ ਹੀ ਸੁਖ ਪ੍ਰਾਪਤ ਕਰ ਲਏ। ਉਨ੍ਹਾਂ ਨੇ ਵੱਡੀ ਕਿਸਮਤ ਨਾਲ ਸਬਦ ਗੁਰੂ ਦੀ ਸੰਗਤ ਹਾਸਲ ਕਰ ਲਈ। ਉਨ੍ਹਾਂ ਦਾ ਅਕਾਲ ਪੁਰਖੁ ਨਾਲ ਪ੍ਰੇਮ ਬਣ ਗਿਆ। ਅਕਾਲ ਪੁਰਖੁ ਦਾ ਨਾਮੁ ਜਪਣ ਵਾਲੇ ਸੇਵਕ ਨੂੰ, ਪੂਰਾ ਗੁਰੂ ਸੰਸਾਰ ਰੂਪੀ ਸਮੁੰਦਰ ਵਿਚੋਂ ਪਾਰ ਲੰਘਾ ਲੈਂਦਾ ਹੈ। ਗੁਰੂ ਆਪਣੇ ਸੇਵਕ ਨੂੰ ਤ੍ਰਿਸ਼ਨਾ ਦੀ ਅੱਗ ਦੇ ਸਮੁੰਦਰ ਵਿਚੋਂ ਪਾਰ ਲੰਘਾ ਲੈਂਦਾ ਹੈ। ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰ ਕੇ ਜਿਨ੍ਹਾਂ ਦੇ ਮਨ ਠੰਢੇ ਠਾਰ ਹੋ ਗਏ, ਉਨ੍ਹਾਂ ਦੇ ਅੰਦਰੋਂ ਜਨਮਾਂ ਜਨਮਾਂਤਰਾਂ ਦੇ ਪਾਪ ਦੂਰ ਹੋ ਗਏ। ਉਨ੍ਹਾਂ ਨੇ ਸਾਰੇ ਖ਼ਜ਼ਾਨੇ ਆਪਣੇ ਮਨ ਵਿਚ ਹੀ ਵੇਖ ਲਏ, ਇਸ ਲਈ ਸੁਖ ਢੂੰਡਣ ਲਈ ਹੁਣ ਉਹ ਹੋਰ ਕਿਤੇ ਕਿਉਂ ਜਾਣੈ ਭਾਵ, ਉਨ੍ਹਾਂ ਨੂੰ ਜਗਤ ਦੇ ਬਾਹਰਲੇ ਪਦਾਰਥਾਂ ਵਿਚੋਂ ਸੁਖ ਦੀ ਭਾਲ ਕਰਨ ਦੀ ਲੋੜ ਨਹੀਂ ਰਹਿੰਦੀ। ਜਦੋਂ ਅਕਾਲ ਪੁਰਖੁ ਆਪਣੇ ਦਾਸਾਂ ਉਤੇ ਦਿਆਲ ਹੁੰਦੇ ਹਨ, ਤਾਂ ਫਿਰ ਦਾਸਾਂ ਦੀ ਕੀਤੀ ਹੋਈ ਮਿਹਨਤ ਸਫਲ ਹੋ ਜਾਂਦੀ ਹੈ। ਸੇਵਕਾਂ ਦੇ ਮਾਇਆ ਦੇ ਮੋਹ ਦੇ ਬੰਧਨ ਕੱਟ ਕੇ ਅਕਾਲ ਪੁਰਖੁ ਉਨ੍ਹਾਂ ਨੂੰ ਆਪਣੇ ਦਾਸ ਬਣਾ ਲੈਂਦਾ ਹੈ। ਗੁਣਾਂ ਦੇ ਖ਼ਜ਼ਾਨੇ ਅਕਾਲ ਪੁਰਖੁ ਦਾ ਨਾਮੁ ਸਿਮਰ ਸਿਮਰ ਕੇ, ਸੇਵਕ ਅਕਾਲ ਪੁਰਖੁ ਵਿਚ ਲੀਨ ਹੋ ਜਾਂਦੇ ਹਨ। ਪੂਰੇ ਗੁਰੂ ਨੇ ਜਿਸ ਮਨੁੱਖ ਦੇ ਮਨ ਦੀ ਸਾਰੀ ਭਟਕਣਾ ਦੂਰ ਕਰ ਦਿੱਤੀ, ਉਸ ਨੂੰ ਹਰ ਥਾਂ ਅਕਾਲ ਪੁਰਖੁ ਵਿਆਪਕ ਰੂਪ ਵਿਚ ਭਰਪੂਰ ਦਿਖਾਈ ਦੇਂਦਾ ਹੈ, ਉਸ ਨੂੰ ਇਕ ਅਕਾਲ ਪੁਰਖੁ ਹੀ ਆਪਣੇ ਹਿਰਦੇ ਵਿਚ ਵੱਸਦਾ ਦਿੱਸਦਾ ਹੈ, ਇਕ ਅਕਾਲ ਪੁਰਖੁ ਹੀ ਹਰੇਕ ਥਾਂ ਵਿਚ ਦਿੱਸਦਾ ਹੈ। ਗੁਰੂ ਸਾਹਿਬ ਇਹੀ ਸਮਝਾਂਦੇ ਹਨ, ਕਿ ਉਸ ਮਨੁੱਖ ਨੇ ਅਕਾਲ ਪੁਰਖੁ ਦਾ ਨਾਮੁ ਸਿਮਰਨ ਕਰ ਕੇ ਆਤਮਕ ਆਨੰਦ ਲੱਭ ਲਿਆ ਹੈ।

ਗਉੜੀ ਗੁਆਰੇਰੀ ਮਹਲਾ 5॥ ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥ ਵਡੈ ਭਾਗਿ ਪਾਇਆ ਸਾਧਸੰਗੁ ॥ ਪਾਰਬ੍ਰਹਮ ਸਿਉ ਲਾਗੋ ਰੰਗੁ ॥1॥ ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥ ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥1॥ ਰਹਾਉ ॥ ਕਰਿ ਕੀਰਤਨੁ ਮਨ ਸੀਤਲ ਭਏ ॥ ਜਨਮ ਜਨਮ ਕੇ ਕਿਲਵਿਖ ਗਏ ॥ ਸਰਬ ਨਿਧਾਨ ਪੇਖੇ ਮਨ ਮਾਹਿ ॥ ਅਬ ਢੂਢਨ ਕਾਹੇ ਕਉ ਜਾਹਿ ॥2॥ ਪ੍ਰਭ ਅਪੁਨੇ ਜਬ ਭਏ ਦਇਆਲ ॥ ਪੂਰਨ ਹੋਈ ਸੇਵਕ ਘਾਲ ॥ ਬੰਧਨ ਕਾਟਿ ਕੀਏ ਅਪਨੇ ਦਾਸ ॥ ਸਿਮਰਿ ਸਿਮਰਿ ਸਿਮਰਿ ਗੁਣਤਾਸ ॥3॥ ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥ ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥4॥8॥77॥ (178)

ਅਹੰਕਾਰ ਇਕ ਬੜਾ ਸੰਘਣਾਂ ਤੇ ਦੂਰ ਅੰਦਰ ਤਕ ਮਾਰ ਵਾਲਾ ਰੋਗ ਹੈ, ਮਾਇਆ ਨਾਲ ਡੂੰਘਾ ਪਿਆਰ ਬਹੁਤ ਵੱਡਾ, ਪੁਰਾਣਾ ਤੇ ਲੰਮਾ ਰੋਗ ਹੈ। ਇਨ੍ਹਾਂ ਰੋਗਾਂ ਤੋਂ ਉਸ ਵਡਭਾਗੀ ਮਨੁੱਖ ਦੀ ਖ਼ਲਾਸੀ ਹੁੰਦੀ ਹੈ, ਜਿਸ ਨੂੰ ਗੁਰੂ ਨੇ ਅਕਾਲ ਪੁਰਖੁ ਦਾ ਨਾਮੁ ਦਾਰੂ ਦੇ ਰੂਪ ਵਿਚ ਦਿੱਤਾ ਹੈ। ਅਕਾਲ ਪੁਰਖੁ ਜਗਤ ਦਾ ਮੂਲ ਹੈ, ਸ੍ਰਿਸ਼ਟੀ ਦਾ ਕਰਤਾ

ਧਰਤਾ ਹੈ ਤੇ ਅਕਾਲ ਪੁਰਖੁ ਦਾ ਨਾਮੁ ਹੀ ਉਸ ਨਾਲ ਮਿਲਾਣ ਵਿਚ ਸਹਾਈ ਹੋ ਸਕਦਾ ਹੈ, ਜਿਸ ਨਾਲ ਇਨ੍ਹਾਂ ਰੋਗਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਆਪਣੇ ਮਨ ਵਿਚ, ਆਪਣੇ ਹਿਰਦੇ ਵਿਚ, ਅਕਾਲ ਪੁਰਖੁ ਦੇ ਸੇਵਕਾਂ ਦੇ ਚਰਨਾਂ ਦੀ ਧੂੜ ਦੀ ਪ੍ਰਾਪਤੀ ਦੀ ਇਛਾ ਰੱਖਦੇ ਰਹਿਣਾ ਚਾਹੀਦਾ ਹੈ। ਅਕਾਲ ਪੁਰਖੁ ਦੇ ਚਰਨਾਂ ਵਿਚ ਅਰਦਾਸ ਕਰਨੀ ਚਾਹੀਦੀ ਹੈ, ਕਿ ਹੇ ਗੋਬਿੰਦ* ਮੇਰੀ ਇਹ ਇਛਾ ਪੂਰੀ ਕਰੋ, ਕਿਉਂਕਿ ਤੇਰੇ ਸੇਵਕਾਂ ਦੀ ਚਰਨ ਧੂਰਿ ਦੀ ਬਰਕਤਿ ਨਾਲ ਕ੍ਰੋੜਾਂ ਜਨਮਾਂ ਦੇ ਪਾਪ ਲਹਿ ਜਾਂਦੇ ਹਨ। ਮਾਇਕ ਪਦਾਰਥਾਂ ਦੀ ਇਛਾ ਇਕ ਡਰਾਉਣੀ ਕੁੱਤੀ ਦੀ ਤਰ੍ਹਾਂ ਹੈ (ਆਸਾ ਕੂਕਰੀ ਬਿਕਰਾਲ), ਜਿਹੜੀ ਹਰ ਸਮੇਂ ਮਨੁੱਖ ਦੇ ਮਨ ਵਿਚ ਹੋਰ ਹੋਰ ਮਾਇਕ ਪਦਾਰਥਾਂ ਦੀ ਲਾਲਸਾ ਲਈ ਭੌਂਕਦੀ ਰਹਿੰਦੀ ਹੈ ਤੇ ਮਨੁੱਖ ਵਾਸਤੇ ਆਤਮਕ ਮੌਤ ਦਾ ਜਾਲ ਖਿਲਾਰਦੀ ਰਹਿੰਦੀ ਹੈ। ਆਤਮਕ ਮੌਤ ਦਾ ਇਹ ਜਾਲ ਗੁਰੂ ਦੇ ਦਿੱਤੇ ਗਿਆਨ, ਆਤਮਕ ਜੀਵਨ ਬਾਰੇ ਸਹੀ ਸੂਝ ਅਤੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ

ਗਾਇਨ ਕਰਨ ਨਾਲ ਕੱਟਿਆ ਜਾ ਸਕਦਾ ਹੈ। ਜੇਹੜੇ ਮਨੁੱਖ ਕਾਮ ਕ੍ਰੋਧ ਲੋਭ ਮੋਹ ਆਦਿਕ ਚੋਰਾਂ ਕੋਲੋਂ ਆਪਣਾ ਆਤਮਕ ਜੀਵਨ ਲੁਟਾਂਦੇ ਰਹਿੰਦੇ ਹਨ, ਉਨ੍ਹਾਂ ਵਾਸਤੇ ਜਨਮ ਮਰਨ ਦਾ ਗੇੜ ਸਦਾ ਬਣਿਆ ਰਹਿੰਦਾ ਹੈ। ਅਕਾਲ ਪੁਰਖੁ ਨਾਲ ਪਿਆਰ ਪਾਇਆਂ, ਸ੍ਰਿਸ਼ਟੀ ਦੇਪਾਲਣਹਾਰ ਅਕਾਲ ਪੁਰਖੁ ਦੀ ਭਗਤੀ ਕੀਤਿਆਂ, ਅਕਾਲ ਪੁਰਖੁ ਦਾ ਨਾਮੁ ਸਿਮਰਨ ਕੀਤਿਆਂ ਮਨੁੱਖ ਦਾ ਅਨੇਕਾਂ ਜੂਨਾਂ ਵਿਚ ਭਟਕਣਾ ਮੁੱਕ ਜਾਂਦਾ ਹੈ। ਮਿੱਤਰ, ਪੁੱਤਰ, ਇਸਤ੍ਰੀ ਤੇ ਰਿਸ਼ਤੇਦਾਰ ਆਦਿਕਾਂ ਦੇ ਮੋਹ ਵਿਚ ਫਸਿਆਂ ਤਿੰਨੇ ਤਾਪ (ਆਧਿ, ਵਿਆਧਿ, ਉਪਾਧਿ) ਮਨੁੱਖ ਦੇ ਆਤਮਕ ਜੀਵਨ ਨੂੰ ਸਾੜਦੇ ਰਹਿੰਦੇ ਹਨ। ਜੇਹੜਾ ਮਨੁੱਖ ਅਕਾਲ ਪੁਰਖੁ ਦੇ ਸੇਵਕਾਂ ਨੂੰ, ਸੰਤ ਜਨਾਂ ਨੂੰ ਮਿਲਦਾ ਰਹਿੰਦਾ ਹੈ, ਉਹ ਅਕਾਲ ਪੁਰਖੁ ਦਾ ਨਾਮੁ ਸਦਾ ਜਪ ਜਪ ਕੇ, ਆਪਣੇ ਸਾਰੇ ਦੁਖ ਦੂਰ ਕਰ ਲੈਂਦਾ ਹੈ। ਮਾਇਕ ਪਦਾਰਥਾਂ ਦੀ ਆਸ ਵਾਲੀ ਡਰਾਉਣੀ ਕੁੱਤੀ (ਆਸਾ ਕੂਕਰੀ ਬਿਕਰਾਲ) ਦੇ ਪੰਜੇ ਵਿਚ ਫਸ ਕੇ ਜੀਵ ਅਨੇਕਾਂ ਤਰੀਕਿਆਂ ਨਾਲ ਭਟਕਦੇ ਰਹਿੰਦੇ ਹਨ ਤੇ, ਦੁਖੀ ਹੋ ਕੇ ਪੁਕਾਰਦੇ ਰਹਿੰਦੇ ਹਨ, ਤੇ ਕਿਸੇ ਵੀ ਤਰੀਕੇ ਨਾਲ ਉਨ੍ਹਾਂ ਦੀ ਇਸ ਬਿਕਰਾਲ ਆਸਾ ਕੂਕਰੀ ਪਾਸੋਂ ਖ਼ਲਾਸੀ ਨਹੀਂ ਹੁੰਦੀ। ਗੁਰੂ ਸਾਹਿਬ ਸਮਝਾਂਦੇ ਹਨ ਕਿ, ਮੈਂ ਇਸ ਤੋਂ ਬਚਣ ਲਈ ਬੇਅੰਤ ਅਪਾਰ ਅਕਾਲ ਪੁਰਖੁ ਦੀ ਸਰਨ ਵਿਚ ਆਇਆ ਹਾਂ ਤੇ ਉਸ ਅਕਾਲ ਪੁਰਖੁ ਦੇ ਚਰਨਾਂ ਦਾ ਓਟ ਆਸਰਾ ਪੱਕੀ ਤਰ੍ਹਾਂ ਫੜ ਕੇ ਲਿਆ ਹੈ।

ਗੂਜਰੀ ਮਹਲਾ 5 ॥ ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥ ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥1॥ ਮਨਿ ਤਨਿ ਬਾਛੀਐ ਜਨ ਧੂਰਿ ॥ ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ ॥1॥ ਰਹਾਉ ॥ ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ ॥ ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ ॥2॥ ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥ ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ ॥3॥ ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ ਤੀਨਿ ਤਾਪ ਜਲੰਤ ॥ ਜਪਿ ਰਾਮ ਰਾਮਾ ਦੁਖ ਨਿਵਾਰੇ ਮਿਲੈ ਹਰਿ ਜਨ ਸੰਤ ॥4॥ ਸਰਬ ਬਿਧਿ ਭ੍ਰਮਤੇ ਪੁਕਾਰਹਿ ਕਤਹਿ ਨਾਹੀ ਛੋਟਿ ॥ ਹਰਿ ਚਰਣ ਸਰਣ ਅਪਾਰ ਪ੍ਰਭ ਕੇ ਦ੍ਰਿੜੁ ਗਹੀ ਨਾਨਕ ਓਟ ॥5॥4॥30॥ (502)

ਹੇ ਮੇਰੀ ਸੋਹਣੀ ਜਿੰਦੇ* ਮੈਂ ਉਨ੍ਹਾਂ ਮਨੁੱਖਾਂ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਅਕਾਲ ਪੁਰਖੁ ਦੇ ਨਾਮੁ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾ ਲਿਆ ਹੈ। ਹੇ ਮੇਰੀ ਸੋਹਣੀ ਜਿੰਦੇ* ਗੁਰੂ ਨੇ, ਸਤਿਗੁਰੂ ਨੇ ਉਨ੍ਹਾਂ ਦੇ ਹਿਰਦੇ ਵਿਚ ਅਕਾਲ ਪੁਰਖੁ ਦਾ ਉਹ ਨਾਮੁ ਪੱਕੀ ਤਰ੍ਹਾਂ ਟਿਕਾ ਦਿੱਤਾ ਹੈ, ਜਿਹੜਾ ਮਾਇਆ ਦੇ ਮੋਹ ਦੇ ਜ਼ਹਿਰ ਭਰੇ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾਣ ਦੀ ਸਮਰੱਥਾ ਰੱਖਦਾ ਹੈ। ਹੇ ਮੇਰੀ ਸੋਹਣੀ ਜਿੰਦੇ* ਜਿਨ੍ਹਾਂ ਸੰਤ ਜਨਾਂ ਨੇ ਇਕ ਮਨ ਹੋ ਕੇ, ਇਕ ਚਿਤ ਹੋ ਕੇ ਅਕਾਲ ਪੁਰਖੁ ਦਾ ਨਾਮੁ ਸਿਮਰਿਆ ਹੈ, ਉਨ੍ਹਾਂ ਦੀ ਹਰ ਥਾਂ ਸੋਭਾ ਵਡਿਆਈ ਹੁੰਦੀ ਹੈ। ਹੇ ਨਾਨਕ* ਆਖ ਹੇ ਮੇਰੀ ਸੋਹਣੀ ਜਿੰਦੇ* ਅਕਾਲ ਪੁਰਖੁ ਦਾ ਨਾਮੁ ਜਪ ਕੇ ਸੁਖ ਮਿਲ ਜਾਂਦਾ ਹੈ, ਕਿਉਂਕਿ ਅਕਾਲ ਪੁਰਖੁ ਦਾ ਨਾਮੁ ਸਾਰੇ ਦੁਖ ਦੂਰ ਕਰਨ ਦੀ ਸਮਰੱਥਾ ਰੱਖਦਾ ਹੈ। ਹੇ ਮੇਰੀ ਸੋਹਣੀ ਜਿੰਦੇ* ਉਹ ਜੀਭ ਭਾਗਾਂ ਵਾਲੀ ਹੈ, ਮੁਬਾਰਿਕ ਹੈ, ਜੇਹੜੀ ਸਦਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਦੀ ਰਹਿੰਦੀ ਹੈ। ਹੇ ਮੇਰੀ ਸੋਹਣੀ ਜਿੰਦੇ* ਹਮੇਸ਼ਾਂ ਮਨ ਵਿਚ ਵੀਚਾਰ ਤੇ ਧਿਆਨ ਵਿਚ ਰੱਖ, ਕਿ ਉਹ ਕੰਨ ਸੋਹਣੇ ਹਨ, ਚੰਗੇ ਲਗਦੇ ਹਨ, ਜੇਹੜੇ ਅਕਾਲ ਪੁਰਖੁ ਦਾ ਕੀਰਤਨ ਸੁਣਦੇ ਰਹਿੰਦੇ ਹਨ, ਸਿਫਤ ਸਾਲਾਹ ਸੁਣਦੇ ਰਹਿੰਦੇ ਹਨ। ਹੇ ਮੇਰੀ ਸੋਹਣੀ ਜਿੰਦੇ* ਉਹ ਸਿਰ ਭਾਗਾਂ ਵਾਲਾ ਹੈ, ਪਵਿਤ੍ਰ ਹੈ, ਜੇਹੜਾ ਗੁਰੂ ਦੇ ਚਰਨਾਂ ਵਿਚ ਲੱਗਾ ਰਹਿੰਦਾ ਹੈ, ਟਿਕਿਆ ਰਹਿੰਦਾ ਹੈ, ਗੁਰੂ ਦੀ ਸਿਖਿਆ ਅਨੁਸਾਰ ਚਲਦਾ

ਰਹਿੰਦਾ ਹੈ। ਹੇ ਮੇਰੀ ਸੋਹਣੀ ਜਿੰਦੇ* ਨਾਨਕੁ ਉਸ ਸਬਦ ਗੁਰੂ ਤੋਂ ਕੁਰਬਾਨ ਜਾਂਦਾ ਹੈ, ਜਿਸ ਨੇ ਨਾਨਕੁ ਨੂੰ ਅਕਾਲ ਪੁਰਖੁ ਦਾ ਨਾਮੁ ਚੇਤੇ ਕਰਾਇਆ ਹੈ। ਹੇ ਮੇਰੀ ਸੋਹਣੀ ਜਿੰਦੇ* ਉਹ ਅੱਖਾਂ ਭਲੀਆਂ ਹਨ, ਪਰਵਾਣੁ ਹਨ, ਸਫਲ ਹਨ, ਜਿਹੜੀਆਂ ਸਤਿਗੁਰੂ ਦਾ ਦਰਸਨ ਕਰਦੀਆਂ ਰਹਿੰਦੀਆਂ ਹਨ, ਉਹ ਹੱਥ ਪਵਿਤ੍ਰ ਹਨ, ਜੇਹੜੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਲਿਖਦੇ ਰਹਿੰਦੇ ਹਨ। ਹੇ ਮੇਰੀ ਸੋਹਣੀ ਜਿੰਦੇ* ਉਸ ਮਨੁੱਖ ਦੇ ਉਹ ਪੈਰ ਸਦਾ ਪੂਜੇ ਜਾਂਦੇ ਹਨ, ਜੇਹੜੇ ਪੈਰ ਧਰਮ ਦੇ ਰਾਹ ਉਤੇ ਚਲਦੇ ਰਹਿੰਦੇ ਹਨ। ਹੇ ਮੇਰੀ ਸੋਹਣੀ ਜਿੰਦੇ* ਨਾਨਕ ਉਨ੍ਹਾਂ ਵਡਭਾਗੀ ਮਨੁੱਖਾਂ ਤੋਂ ਕੁਰਬਾਨ ਜਾਂਦਾ ਹੈ, ਜੇਹੜੇ ਅਕਾਲ ਪੁਰਖੁ ਦਾ ਨਾਮੁ ਸੁਣ ਕੇ, ਨਾਮੁ ਨੂੰ ਮੰਨਦੇ ਹਨ, ਤੇ ਆਪਣੇ ਜੀਵਨ ਦਾ ਅਧਾਰ ਬਣਾ ਲੈਂਦੇ ਹਨ। ਹੇ ਮੇਰੀ ਸੋਹਣੀ ਜਿੰਦੇ* ਇਹ ਧਰਤੀ, ਪਾਤਾਲ, ਆਕਾਸ਼, ਹਰੇਕ ਅਕਾਲ ਪੁਰਖੁ ਦਾ ਨਾਮੁ ਸਿਮਰ ਰਿਹਾ ਹੈ, ਭਾਵ ਸਭ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲ ਰਹੇ ਹਨ। ਹੇ ਮੇਰੀ ਸੋਹਣੀ ਜਿੰਦੇ* ਹਵਾ, ਪਾਣੀ, ਅੱਗ, ਹਰੇਕ ਤੱਤ ਵੀ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦਾ ਗੀਤ ਗਾ ਰਿਹਾ ਹੈ। ਹੇ ਮੇਰੀ ਸੋਹਣੀ ਜਿੰਦੇ* ਜੰਗਲ, ਘਾਹ, ਇਹ ਸਾਰਾ ਦਿੱਸਦਾ ਸੰਸਾਰ ਆਪਣੇ ਮੂੰਹ ਨਾਲ ਹਰੇਕ ਅਕਾਲ ਪੁਰਖੁ ਦਾ ਨਾਮੁ ਜਪ ਰਿਹਾ ਹੈ। ਇਥੇ ਇਹ ਧਿਆਨ ਵਿਚ ਰੱਖਣਾ ਹੈ, ਕਿ ਧਰਤੀ, ਪਾਤਾਲ, ਆਕਾਸ਼, ਜੰਗਲ, ਘਾਹ, ਆਦਿ ਦਾ ਕੋਈ ਮੂੰਹ ਨਹੀਂ ਹੁੰਦਾ ਹੈ, ਜਿਸ ਨਾਲ ਉਹ ਕਿਸੇ ਤਰ੍ਹਾਂ ਦਾ ਰਟਨ ਕਰੀ ਜਾਂਦੇ ਹਨ। ਇਸ ਸਬਦ ਦਾ ਭਾਵ ਇਹ ਹੈ, ਕਿ ਇਹ ਸਭ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲ ਰਹੇ ਹਨ, ਉਸ ਅਕਾਲ ਪੁਰਖੁ ਦੇ ਬਣਾਏ ਹੋਏ ਨਿਯਮਾਂ ਅਨੁਸਾਰ ਚਲ ਰਹੇ ਹਨ। ਹੇ ਨਾਨਕ* ਆਖ ਕਿ ਹੇ ਮੇਰੀ ਸੋਹਣੀ ਜਿੰਦੇ* ਜੇਹੜਾ ਗੁਰਮੁਖਿ ਗੁਰੂ ਦੀ ਸਰਨ ਪੈ ਕੇ ਅਕਾਲ ਪੁਰਖੁ ਦੀ ਭਗਤੀ ਵਿਚ ਆਪਣਾ ਮਨ ਜੋੜਦਾ ਹੈ, ਉਹ ਅਕਾਲ ਪੁਰਖੁ ਦੇ ਦਰ ਤੇ ਸਤਿਕਾਰਿਆ ਜਾਂਦਾ ਹੈ। ਇਸ ਲਈ ਤੂੰ ਵੀ ਸਦਾ ਅਕਾਲ ਪੁਰਖੁ ਦੇ ਨਾਮੁ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾ, ਆਪਣੇ ਹਿਰਦੇ ਵਿਚ ਅਕਾਲ ਪੁਰਖੁ ਦਾ ਨਾਮੁ ਪੱਕੀ ਤਰ੍ਹਾਂ ਟਿਕਾ ਲੈ, ਇਕ ਮਨ ਇਕ ਚਿਤ ਹੋ ਕੇ ਅਕਾਲ ਪੁਰਖੁ ਦਾ ਨਾਮੁ ਸਿਮਰਿਆ ਕਰ, ਸਦਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਿਆ ਕਰ, ਅਕਾਲ ਪੁਰਖੁ ਦਾ ਕੀਰਤਨ ਸੁਣਿਆ ਕਰ, ਅਕਾਲ ਪੁਰਖੁ ਦੀ ਸਿਫਤ ਸਾਲਾਹ ਸੁਣਿਆ ਕਰ, ਗੁਰੂ ਦੇ ਚਰਨਾਂ ਵਿਚ ਟਿਕਿਆ ਰਹਿ, ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਿਆ ਕਰ, ਸਬਦ ਗੁਰੂ ਦੀ ਸਿਖਿਆ ਅਨੁਸਾਰ ਚਲਿਆ ਕਰ, ਮੰਨਿਆ ਕਰ, ਤੇ ਆਪਣੇ ਜੀਵਨ ਦਾ ਅਧਾਰ ਬਣਾ ਕੇ ਆਪਣਾ ਮਨੁੱਖਾ ਜਨਮ ਸਫਲ ਕਰਿਆ ਕਰ।

ਬਿਹਾਗੜਾ ਮਹਲਾ 4 ॥ ਹਉ ਬਲਿਹਾਰੀ ਤਿਨ'' ਕਉ ਮੇਰੀ ਜਿੰਦੁੜੀਏ ਜਿਨ'' ਹਰਿ ਹਰਿ ਨਾਮੁ ਅਧਾਰੋ ਰਾਮ ॥ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮੇਰੀ ਜਿੰਦੁੜੀਏ ਬਿਖੁ ਭਉਜਲੁ ਤਾਰਣਹਾਰੋ ਰਾਮ ॥ ਜਿਨ ਇਕ ਮਨਿ ਹਰਿ ਧਿਆਇਆ ਮੇਰੀ ਜਿੰਦੁੜੀਏ ਤਿਨ ਸੰਤ ਜਨਾ ਜੈਕਾਰੋ ਰਾਮ ॥ ਨਾਨਕ ਹਰਿ ਜਪਿ ਸੁਖੁ ਪਾਇਆ ਮੇਰੀ ਜਿੰਦੁੜੀਏ ਸਭਿ ਦੂਖ ਨਿਵਾਰਣਹਾਰੋ ਰਾਮ ॥1॥ ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥ ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ॥ ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ ॥ ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ ॥2॥ ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥ ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ ॥ ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ ॥ ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ ॥3॥ ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥ ਪਉਣੁ ਪਾਣੀ ਬੈਸੰਤਰੋ ਮੇ ਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥ ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥ ਨਾਨਕ ਤੇ ਹਰਿ ਦਰਿ ਪੈਨ''ਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥4॥4॥ (540)

ਜਦੋਂ ਤੋਂ ਸਬਦ ਗੁਰੂ ਦੇ ਦਰਸਨ ਪ੍ਰਾਪਤ ਹੋਏ ਹਨ, ਮੇਰੇ ਇਹੋ ਜਿਹੇ ਚੰਗੇ ਦਿਨ ਆ ਗਏ, ਕਿ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕਰ ਕਰ ਕੇ, ਸਦਾ ਮੇਰੇ ਅੰਦਰ ਸੁਖ ਬਣਿਆ ਰਹਿੰਦਾ ਹੈ, ਮੈਨੂੰ ਸਰਬ ਵਿਆਪਕ ਕਰਤਾਰ ਮਿਲ ਪਿਆ ਹੈ। ਮੈਨੂੰ ਪੂਰਾ ਸਤਿਗੁਰੂ ਮਿਲ ਪਿਆ ਹੈ, ਇਸ ਵਾਸਤੇ ਉਸ ਦੀ ਕਿਰਪਾ ਨਾਲ ਹੁਣ ਮੈਂ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਆਪਣੇ ਮਨ ਵਿਚ ਗਾਇਨ ਕਰਦਾ ਰਹਿੰਦਾ ਹਾਂ। ਪੂਰੇ ਸਤਿਗੁਰੂ ਨੂੰ ਪ੍ਰਾਪਤ

ਕਰਨ ਸਦਕਾ ਮੇਰੇ ਅੰਦਰ ਆਤਮਕ ਜੀਵਨ ਦਾ ਚਾਨਣ ਹੋ ਗਿਆ ਹੈ, ਮੇਰੇ ਮਨ ਵਿਚ ਸਦਾ ਆਨੰਦ ਬਣਿਆ ਰਹਿੰਦਾ ਹੈ। ਸਤਿਗੁਰੂ ਦੀ ਕਿਰਪਾ ਨਾਲ ਜਦੋਂ ਤੋਂ ਗੁਣਾਂ ਦਾ ਖ਼ਜ਼ਾਨਾ ਅਕਾਲ ਪੁਰਖੁ, ਮੇਰੇ ਹਿਰਦੇ ਵਿਚ ਆ ਵੱਸਿਆ ਹੈ, ਤਦੋਂ ਤੋਂ ਮੇਰਾ ਦੁਖ, ਭਰਮ ਤੇ ਡਰ ਦੂਰ ਹੋ ਗਿਆ ਹੈ। ਸਤਿਗੁਰੂ ਦੀ ਕਿਰਪਾ ਨਾਲ ਅਕਾਲ ਪੁਰਖੁ ਦੇ ਨਾਮੁ ਵਿਚ ਮੇਰਾ ਪਿਆਰ ਬਣ ਗਿਆ ਹੈ, ਤੇ ਮੈਨੂੰ ਉਹ ਉੱਤਮ ਚੀਜ਼ ਪ੍ਰਾਪਤ ਹੋ ਗਈ ਹੈ, ਜਿਸ ਤਕ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ ਸੀ ਹੋ ਸਕਦੀ। ਸਤਿਗੁਰੂ ਦੇ ਦਰਸਨ ਦੀ ਬਰਕਤਿ ਨਾਲ ਮੈਂ ਸਾਰੀਆਂ ਚਿੰਤਾਂ ਤੇ ਸੋਚਾਂ ਤੋਂ ਬਚ ਗਿਆ ਹਾਂ, ਮੇਰੇ ਅੰਦਰੋਂ ਗ਼ਮ ਮੁੱਕ ਗਿਆ ਹੈ, ਲੋਭ ਖ਼ਤਮ ਹੋ ਗਿਆ ਹੈ, ਮੋਹ ਦੂਰ ਹੋ ਗਿਆ ਹੈ। ਗੁਰੂ ਦੀ ਕਿਰਪਾ ਨਾਲ ਮੇਰੇ ਅੰਦਰੋਂ ਹਉਮੈ ਆਦਿਕ ਦੇ ਰੋਗ ਮਿਟ ਗਏ ਹਨ, ਤੇ ਹੁਣ ਮੈਂਨੂੰ ਜਮਰਾਜ ਤੋਂ ਵੀ ਕੋਈ ਡਰ ਨਹੀਂ ਲਗਦਾ ਹੈ। ਹੁਣ ਮੈਨੂੰ ਗੁਰੂ ਦੀ ਟਹਲ, ਗੁਰੂ ਦੀ ਸੇਵਾ, ਗੁਰੂ ਦੀ ਸਿਖਿਆ, ਤੇ ਅਕਾਲ ਪੁਰਖੁ ਦਾ ਹੁਕਮ ਤੇ ਰਜ਼ਾ ਹੀ ਪਿਆਰੀ ਲੱਗਦੀ ਹੈ। ਹੇ ਨਾਨਕ* ਮੈਂ ਉਸ ਗੁਰੂ ਤੋਂ ਸਦਕੇ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ, ਜਿਸ ਨੇ ਮੈਨੂੰ ਜਮਾਂ ਤੋਂ ਬਚਾ ਲਿਆ ਹੈ।

ਧਨਾਸਰੀ ਮਃ 5 ॥ ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ ॥ ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ ॥1॥ ਅਬ ਮੋਹਿ ਰਾਮ ਜਸੋ ਮਨਿ ਗਾਇਓ ॥ ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ ॥1॥ ਰਹਾਉ ॥ ਗੁਣ ਨਿਧਾਨੁ ਰਿਦ ਭੀਤਰਿ ਵਸਿਆ ਤਾ ਦੂਖੁ ਭਰਮ ਭਉ ਭਾਗਾ ॥ ਭਈ ਪਰਾਪਤਿ ਵਸਤੁ ਅਗੋਚਰ ਰਾਮ ਨਾਮਿ ਰੰਗੁ ਲਾਗਾ ॥2॥ ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ ॥ ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ ॥3॥ ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥ ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ ॥4॥4॥ (671)

ਹੇ ਮੂਰਖ ਮਨੁੱਖ* ਜਿਸ ਅਕਾਲ ਪੁਰਖੁ ਨੇ ਤੈਨੂੰ ਮਾਂ ਦੇ ਪੇਟ ਵਿਚ ਆਪਣਾ ਹੱਥ ਦੇ ਕੇ ਬਚਾਇਆ ਸੀ, ਉਸ ਅਕਾਲ ਪੁਰਖੁ ਦੇ ਨਾਮੁ ਦਾ ਆਨੰਦ ਭੁਲਾ ਕੇ ਤੂੰ ਮਾਇਆ ਦਾ ਫਲ ਚੱਖ ਰਿਹਾ ਹੈ। ਇਸ ਲਈ ਮੋਹ ਮਾਇਆ ਦੇ ਸਾਰੇ ਝਮੇਲੇ ਛੱਡ ਕੇ ਅਕਾਲ ਪੁਰਖੁ ਦਾ ਨਾਮੁ ਜਪਿਆ ਕਰ, ਉਸ ਅਕਾਲ ਪੁਰਖੁ ਨੂੰ ਚੇਤੇ ਕਰਿਆ ਕਰ। ਹੇ ਮੂਰਖ ਮਨੁੱਖ* ਜਿਸ ਵੇਲੇ ਜਮਦੂਤ ਆ ਕੇ ਮਾਰੂ ਮਾਰ ਮਾਰਦਾ ਹੈ, ਉਸ ਵੇਲੇ ਤੇਰਾ ਇਹ ਸਰੀਰ ਦੁਖ ਸਹਾਰ ਨਹੀਂ ਸਕੇਗਾ ਤੇ ਕੇ ਨਾਸ ਹੋ ਜਾਵੇਗਾ। ਤੂੰ ਇਸ ਸਰੀਰ ਨੂੰ, ਇਸ ਮਨ ਨੂੰ, ਇਸ ਧਨ ਨੂੰ, ਆਪਣਾ ਸਮਝੀ ਬੈਠਾ ਹੈ, ਪਰੰਤੂ ਜਿਸ ਅਕਾਲ ਪੁਰਖੁ ਨੇ ਇਹਨਾਂ ਨੂੰ ਪੈਦਾ ਕੀਤਾ ਹੈ, ਉਸ ਨੂੰ ਤੂੰ ਪਲ ਭਰ ਵੀ ਨਹੀਂ ਜਪਿਆ, ਕਦੀ ਚੇਤੇ ਨਹੀਂ ਕੀਤਾ। ਤੂੰ ਮਾਇਆ ਦੇ ਮੋਹ ਦੇ ਬੜੇ ਘੁੱਪ ਹਨੇਰੇ ਵਾਲੇ ਖੂਹ ਵਿਚ ਡਿੱਗਾ ਪਿਆ ਹੈ, ਜਿਥੇ ਮਨੁੱਖ ਨੂੰ ਜੀਵਨ ਦੇ ਸਹੀ ਮਾਰਗ ਦੀ ਕੋਈ ਸੋਝੀ ਨਹੀਂ ਰਹਿੰਦੀ। ਮਾਇਆ ਦੇ ਮੋਹ ਕਰਕੇ ਤੇਰੇ ਅਤੇ ਅਕਾਲ ਪੁਰਖੁ ਵਿਚ ਇਕ ਪਰਦਾ ਬਣ ਗਿਆ ਹੈ, ਜਿਸ ਕਰਕੇ ਤੈਨੂੰ ਕੁਝ ਵਿਖਾਈ ਨਹੀਂ ਦੇਂਦਾ ਤੇ ਤੂੰ ਅਕਾਲ ਪੁਰਖੁ ਨੂੰ ਭੁੱਲ ਚੁਕਾ ਹੈ। ਹੇ ਨਾਨਕ* ਜਿਸ ਮਨੁੱਖ ਨੇ ਵੱਡੀ ਕਿਸਮਤ ਨਾਲ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦਾ ਗੀਤ ਗਾਇਨ ਕਰਨਾ ਸ਼ੁਰੂ ਕਰ ਦਿੱਤਾ, ਸੰਤ ਜਨਾਂ ਦੀ ਸੰਗਤਿ ਵਿਚ ਰਹਿ ਕੇ ਉਸ ਮਨੁੱਖ ਨੇ ਅਕਾਲ ਪੁਰਖੁ ਦਾ ਮਿਲਾਪ ਹਾਸਲ ਕਰ ਲਿਆ।

ਬਿਲਾਵਲੁ ਮਹਲਾ 5 ॥ ਮਾਤ ਗਰਭ ਮਹਿ ਹਾਥ ਦੇ ਰਾਖਿਆ ॥ ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ ॥1॥ ਭਜੁ ਗੋਬਿਦ ਸਭ ਛੋਡਿ ਜੰਜਾਲ ॥ ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ ॥1॥ ਰਹਾਉ ॥ ਤਨੁ ਮਨੁ ਧਨੁ ਅਪਨਾ ਕਰਿ ਥਾਪਿਆ ॥ ਕਰਨਹਾਰੁ ਇਕ ਨਿਮਖ ਨ ਜਾਪਿਆ ॥2॥ ਮਹਾ ਮੋਹ ਅੰਧ ਕੂਪ ਪਰਿਆ ॥ ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ ॥3॥ ਵਡੈ ਭਾਗਿ ਪ੍ਰਭ ਕੀਰਤਨੁ ਗਾਇਆ ॥ ਸੰਤਸੰਗਿ ਨਾਨਕ ਪ੍ਰਭੁ ਪਾਇਆ ॥4॥11॥16॥ (805)

ਅਕਾਲ ਪੁਰਖੁ ਦਾ ਦਰਬਾਰ ਸਭ ਦਰਬਾਰਾਂ ਨਾਲੋਂ ਉੱਚਾ ਹੈ, ਉਸ ਦਾ ਅਖ਼ੀਰ, ਉਸ ਦਾ ਉਰਲਾ ਤੇ ਪਰਲਾ ਬੰਨਾ ਦੱਸਿਆ ਨਹੀਂ ਜਾ ਸਕਦਾ। ਹੇ ਡੂੰਘੇ ਤੇ ਅਥਾਹ ਸਮੁੰਦਰ ਵਰਗੇ* ਹੇ ਬਹੁਤ ਵੱਡੇ ਜਿਗਰੇ ਵਾਲੇ* ਹੇ ਸਭ ਦੇ ਮਾਲਕ ਅਕਾਲ ਪੁਰਖੁ* ਤੂੰ ਅਤੁੱਲ ਹੈ, ਤੈਨੂੰ ਤੋਲਿਆ ਨਹੀਂ ਜਾ ਸਕਦਾ; ਤੂੰ ਬੇਅੰਤ ਹੈ, ਤੈਨੂੰ ਮਿਣਿਆ ਨਹੀਂ ਜਾ ਸਕਦਾ, ਤੈਨੂੰ ਮਾਪਿਆ ਨਹੀਂ ਜਾ ਸਕਦਾ। ਤੂੰ ਆਪ ਹੀ ਪੈਦਾ ਕਰਨ ਵਾਲਾ ਹੈ, ਤੇ ਇਹ ਸਾਰਾ ਜਗਤ ਤੇਰਾ ਹੀ ਪੈਦਾ ਕੀਤਾ ਹੋਇਆ ਹੈ। ਤੈਥੋਂ ਬਿਨਾ, ਤੇਰੇ ਵਰਗਾ ਕੋਈ ਹੋਰ ਦੂਜਾ ਨਹੀਂ ਹੈ। ਜਗਤ ਦੇ ਸ਼ੁਰੂ ਤੋਂ ਅਖ਼ੀਰ ਤਕ ਤੂੰ

ਸਦਾ ਕਾਇਮ ਰਹਿਣ ਵਾਲਾ ਹੈ। ਇਹ ਸਾਰੇ ਜਗਤ ਦਾ ਖਿਲਾਰਾ, ਤੇਰਾ ਆਪਣੇ ਆਪ ਦਾ ਹੀ ਹੈ, ਤੂੰ ਇਸ ਸਾਰੇ ਜਗਤ ਵਿਚ ਆਪ ਹੀ ਵਿਅਪਕ ਹੋ ਕੇ ਵਿਚਰ ਰਿਹਾ ਹੈ। ਜਿਹੜਾ ਮਨੁੱਖ ਗੁਰੂ ਦੀ ਸੰਗਤਿ ਵਿਚ ਰਹਿ ਕੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਨ ਕਰਦਾ ਰਹਿੰਦਾ ਹੈ, ਜਮਦੂਤ ਉਸ ਦੇ ਨੇੜੇ ਨਹੀਂ ਆ ਸਕਦਾ, ਮੌਤ ਉਸ ਨੂੰ ਡਰਾ ਨਹੀਂ ਸਕਦੀ, ਆਤਮਕ ਮੌਤ ਉਸ ਦੇ ਨੇੜੇ ਨਹੀਂ ਆ ਸਕਦੀ। ਜਿਹੜਾ ਮਨੁੱਖ ਆਪਣੇ ਕੰਨਾਂ ਨਾਲ ਅਕਾਲ ਪੁਰਖੁ ਦਾ ਜਸ ਸੁਣਦਾ ਰਹਿੰਦਾ ਹੈ, ਉਸ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ। ਹੇ ਅਕਾਲ ਪੁਰਖੁ* ਤੂੰ ਸਾਰੇ ਜੀਵਾਂ ਦਾ ਖਸਮ ਹੈ, ਹਰੇਕ ਜੀਵ ਤੇਰਾ ਆਪਣਾ ਪੈਦਾ ਕੀਤਾ ਹੋਇਆ ਹੈ। ਤੂੰ ਸਦਾ ਕਾਇਮ ਰਹਿਣ ਵਾਲਾ ਹੈ, ਸਭ ਦਾ ਮਾਲਕ ਹੈ, ਡੂੰਘੇ ਤੇ ਵੱਡੇ ਜਿਗਰੇ ਵਾਲਾ ਹੈ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਉਹੀ ਮਨੁੱਖ ਸ੍ਰੇਸ਼ਟ ਹਨ, ਉਤਮ ਹਨ, ਜਿਹੜੇ ਅਕਾਲ ਪੁਰਖੁ ਦੇ ਮਨ ਨੂੰ ਚੰਗੇ ਲੱਗਦੇ ਹਨ, ਉਸ ਦੇ ਹੁਕਮੁ ਤੇ ਰਜਾ ਵਿਚ ਰਹਿੰਦੇ ਹਨ।

ਮਾਰੂ ਸੋਲਹੇ ਮਹਲਾ 5 ॥ ਊਚੇ ਤੇ ਊਚਾ ਦਰਬਾਰਾ ॥ ਕਹਣੁ ਨ ਜਾਈ ਅੰਤੁ ਨ ਪਾਰਾ ॥ ਗਹਿਰ ਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ ॥13॥ ਤੂ ਕਰਤਾ ਤੇਰਾ ਸਭੁ ਕੀਆ ॥ ਤੁਝੁ ਬਿਨੁ ਅਵਰੁ ਨ ਕੋਈ ਬੀਆ ॥ ਆਦਿ ਮਧਿ ਅੰਤਿ ਪ੍ਰਭੁ ਤੂਹੈ ਸਗਲ ਪਸਾਰਾ ਤੁਮ ਤਨਾ ॥14॥ ਜਮਦੂਤੁ ਤਿਸੁ ਨਿਕਟਿ ਨ ਆਵੈ ॥ ਸਾਧਸੰਗਿ ਹਰਿ ਕੀਰਤਨੁ ਗਾਵੈ ॥ ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥15॥ ਤੂ ਸਭਨਾ ਕਾ ਸਭੁ ਕੋ ਤੇਰਾ ॥ ਸਾਚੇ ਸਾਹਿਬ ਗਹਿਰ ਗੰਭੀਰਾ ॥ ਕਹੁ ਨਾਨਕ ਸੇਈ ਜਨ ਊਤਮ ਜੋ ਭਾਵਹਿ ਸੁਆਮੀ ਤੁਮ ਮਨਾ ॥16॥1॥8॥ ( 1079, 1080)

ਧਰਮਰਾਜ ਆਪਣੇ ਨੂੰ ਦੂਤਾਂ ਆਖਦਾ ਹੈ, ਕਿ ਹੇ ਮੇਰੇ ਦੂਤੋ* ਜਿੱਥੇ ਸਾਧ ਜਨ ਅਕਾਲ ਪੁਰਖੁ ਦਾ ਭਜਨ ਕਰ ਰਹੇ ਹੋਣ, ਜਿਥੇ ਨਿੱਤ ਅਕਾਲ ਪੁਰਖੁ ਦਾ ਕੀਰਤਨ ਹੋ ਰਿਹਾ ਹੋਵੇ, ਤੁਸਾਂ ਉਸ ਥਾਂ ਦੇ ਨੇੜੇ ਨਹੀਂ ਜਾਣਾ ਹੈ। ਜੇ ਤੁਸੀਂ ਉਥੇ ਚਲੇ ਗਏ ਤਾਂ ਇਸ ਗੁਸਤਾਖੀ ਤੋਂ ਨਾ ਮੈਂ ਬਚਾਂਗਾ, ਤੇ ਨਾ ਹੀ ਤੁਸੀਂ ਬਚ ਸਕੋਗੇ। ਇਸ ਜਗਤ ਰੂਪੀ ਰਣ ਭੂਮੀ ਵਿਚ ਹਉਮੈ ਨਾਲ ਹੋ ਰਹੇ ਜੰਗ ਤੋਂ ਤਾਂ ਹੀ ਕਾਮਯਾਬ ਹੋ ਸਕੀਦਾ ਹੈ, ਜੇਕਰ ਮਨੁੱਖ ਆਪਣੇ ਆਪ ਨੂੰ ਜਿੱਤ ਲਏ। ਜੇਹੜਾ ਮਨੁੱਖ ਹਉਮੈ ਤੇ ਦ੍ਵੈਤ ਭਾਵ, ਦੋਵਾਂ ਨਾਲ ਟਾਕਰਾ ਕਰ ਕੇ ਉਨ੍ਹਾਂ ਉਪਰ ਕਾਬੂ ਕਰ ਲੈਂਦਾ ਹੈ, ਉਹੀ ਸੋਭਾਦੂ ਹੈ (ਦੋਹਾਂ ਬਾਹਵਾਂ ਨਾਲ ਤਲਵਾਰ ਚਲਾਣ ਵਾਲਾ ਸੂਰਮਾ), ਉਹੀ ਵੱਡਾ ਸੂਰਮਾ ਹੈ। ਅਜੇਹਾ ਸੂਰਮਾ ਗੁਰੂ ਦੀ ਸਿੱਖਿਆ ਲੈ ਕੇ ਆਪਣੇ ਹਉਮੈ ਨੂੰ ਮੁਕਾ ਲੈਂਦਾ ਹੈ, ਆਪਣੇ ਸੀਸ ਨੂੰ ਗੁਰੂ ਅੱਗੇ ਅਰਪਨ ਕਰ ਦੇਂਦਾ ਹੈ ਤੇ ਸੰਸਾਰਕ ਵਾਸ਼ਨਾ ਵਲੋਂ ਅਜਿੱਤ ਹੋ ਜਾਂਦਾ ਹੈ। ਜਿਹੜਾ ਮਨੁੱਖ ਆਪਣੇ ਮਨ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ, ਉਸ ਮਨੁੱਖ ਦਾ ਅਕਾਲ ਪੁਰਖੁ ਨਾਲ ਮਿਲਾਪ ਹੋ ਜਾਂਦਾ ਹੈ, ਇਸ ਸੰਸਾਰ ਰੂਪੀ ਰਣ ਭੂਮੀ ਵਿਚ ਅਜੇਹੇ ਮਨੁੱਖ ਦੀ ਵਰਦੀ ਨੂੰ ਹੀ ਸੂਰਮਿਆਂ ਵਾਲੀ ਤੇ ਬਹਾਦਰਾਂ ਵਾਲੀ ਵਰਦੀ ਕਹੀ ਜਾ ਸਕਦੀ ਹੈ। ਅਜੇਹਾ ਸੂਰਮਾ ਮਨੁੱਖ ਇਕ ਅਕਾਲ ਪੁਰਖੁ ਦੇ ਆਸਰੇ ਨੂੰ ਆਪਣਾ ਆਸਰਾ ਬਣਾ ਲੈਂਦਾ ਹੈ, ਤੇ ਕਿਸੇ ਹੋਰ ਨੂੰ ਆਪਣਾ ਆਸਰਾ ਨਹੀਂ ਸਮਝਦਾ, ਸਰਬ ਵਿਆਪਕ ਬੇਅੰਤ ਅਕਾਲ ਪੁਰਖੁ ਨੂੰ ਦਿਨ ਰਾਤ ਹਰ ਵੇਲੇ ਸਿਮਰਦਾ ਰਹਿੰਦਾ ਹੈ, ਆਪਣੇ ਇਸ ਮਨ ਨੂੰ ਸਭਨਾਂ ਦੇ ਚਰਨ ਦੀ ਧੂੜ ਬਣਾ ਲੈਂਦਾ ਹੈ। ਜੇਹੜਾ ਮਨੁੱਖ ਅਜੇਹੇ ਕਰਮ ਕਮਾਂਦਾ ਹੈ, ਉਹ ਮਨੁੱਖ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝ ਲੈਂਦਾ ਹੈ, ਫਿਰ ਉਸ ਦੇ ਪਿਛਲੇ ਕੀਤੇ ਭਲੇ ਕਰਮਾਂ ਦਾ ਲੇਖ ਉਸ ਦੇ ਮੱਥੇ ਉਤੇ ਉੱਘੜ ਪੈਂਦਾ ਹੈ, ਤੇ ਉਹ ਮਨੁੱਖ ਸਦਾ ਆਤਮਕ ਆਨੰਦ ਮਾਣਦਾ ਰਹਿੰਦਾ ਹੈ।

ਸਲੋਕੁ ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥ ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥1॥ ਪਉੜੀ ॥ ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥ ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾਦੂ ਹੋਇ ॥ ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥ ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ ॥ ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ ॥ ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ॥ ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥31॥ (256)

ਜਿਸ ਮਨੁੱਖ ਉੱਤੇ ਅਕਾਲ ਪੁਰਖੁ ਆਪਣੀ ਕਿਰਪਾ ਕਰਦਾ ਹੈ, ਉਸ ਮਨੁੱਖ ਲਈ ਸਦਾ ਬਸੰਤੁ ਹੁੰਦੀ ਹੈ। ਜਿਸ ਮਨੁੱਖ ਉਤੇ ਗੁਰੁ ਦਇਆਲੁ ਹੁੰਦਾ ਹੈ, ਉਸ ਮਨੁੱਖ ਨੂੰ ਸਦਾ ਆਤਮਕ ਖਿੜਾਉ ਪ੍ਰਾਪਤ ਹੁੰਦਾ ਰਹਿੰਦਾ ਹੈ। ਜਿਸ ਮਨੁੱਖ ਨੂੰ ਇਕ ਅਕਾਲ ਪੁਰਖੁ ਦੇ ਨਾਮੁ ਸਿਮਰਨ ਦਾ ਸਦਾ ਆਹਰ ਲੱਗਿਆ ਰਹਿੰਦਾ ਹੈ, ਉਸ ਮਨੁੱਖ ਦੇ ਹਿਰਦੇ ਵਿਚ ਖ਼ੁਸ਼ੀ ਪੈਦਾ ਹੁੰਦੀ ਰਹਿੰਦੀ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਅਕਾਲ ਪੁਰਖੁ ਦਾ ਨਾਮੁ ਵੱਸਿਆ ਰਹਿੰਦਾ ਹੈ,

ਉਸ ਮਨੁੱਖ ਨੂੰ ਸਦਾ ਖਿੜਾਉ ਮਿਲਿਆ ਰਹਿੰਦਾ ਹੈ। ਉਸ ਮਨੁੱਖ ਦੇ ਹਿਰਦੇ ਵਿਚ ਸਦਾ ਬਸੰਤੁ ਤੇ ਖਿੜਾਉ ਪੈਦਾ ਹੋਇਆ ਸਮਝਿਆ ਜਾ ਸਕਦਾ ਹੈ, ਜਿਸ ਦੇ ਹਿਰਦੇ ਵਿਚ ਅਕਾਲ ਪੁਰਖੁ ਦੇ ਕੀਰਤਨੁ ਦੀ ਧੁਨੀ ਚਲਦੀ ਰਹਿੰਦੀ ਹੈ, ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਟਿਕੀ ਹੋਈ ਹੈ, ਜਿਸ ਦੇ ਹਿਰਦੇ ਵਿਚ ਅਕਾਲ ਪੁਰਖੁ ਦੇ ਨਾਮੁ ਦੀ ਲਗਨ ਲੱਗੀ ਰਹਿੰਦੀ ਹੈ। ਇਸ ਲਈ ਹੇ ਮੇਰੇ ਮਨ* ਤੂੰ ਅਕਾਲ ਪੁਰਖੁ ਦੇ ਚਰਨਾਂ ਨਾਲ ਪ੍ਰੀਤ ਪਾ ਕੇ ਸਦਾ ਖਿੜਿਆ ਰਹੁ। ਸੰਤ ਜਨਾਂ ਨੂੰ ਪੁੱਛ ਕੇ ਆਤਮਕ ਜੀਵਨ ਦੀ ਸੂਝ ਤੇ ਅਕਾਲ ਪੁਰਖੁ ਦੇ ਨਾਮੁ ਬਾਰੇ ਗਿਆਨ ਹਾਸਲ ਕੀਤਾ ਜਾ ਸਕਦਾ ਹੈ। ਅਸਲ ਤਪਸ੍ਵੀ ਉਹ ਮਨੁੱਖ ਹੈ, ਜਿਸ ਨੂੰ ਗੁਰੂ ਦੀ ਸੰਗਤਿ ਪ੍ਰਾਪਤ ਹੁੰਦੀ ਹੈ। ਉਹੀ ਮਨੁੱਖ ਧਿਆਨੀ ਕਿਹਾ ਜਾ ਸਕਦਾ ਹੈ, ਉਹੀ ਮਨੁੱਖ ਸਦਾ ਜੁੜੀ ਸੁਰਤਿ ਵਾਲਾ ਜਾਣਿਆ ਜਾ ਸਕਦਾ ਹੈ, ਜਿਹੜਾ ਗੁਰੂ ਦੁਆਰਾ ਅਕਾਲ ਪੁਰਖੁ ਦੇ ਚਰਨਾਂ ਨਾਲ ਪਿਆਰ ਪਾਈ ਰੱਖਦਾ ਹੈ। ਉਹ ਬੰਦੇ ਨਿਰਭਉ ਹਨ, ਦੁਨੀਆ ਦੇ ਡਰਾਂ ਤੋਂ ਉਤਾਂਹ ਹਨ, ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖੁ ਦਾ ਡਰ ਵੱਸਦਾ ਹੈ। ਉਹੀ ਮਨੁੱਖ ਸੁਖੀ ਜੀਵਨ ਵਾਲਾ ਹੈ, ਜਿਸ ਦੇ ਮਨ ਵਿਚੋਂ ਭ੍ਰਮੁ ਤੇ ਵਹਿਮ ਨਿਕਲ ਜਾਂਦੇ ਹਨ, ਜਿਸ ਦੀ ਭਟਕਣਾ ਦੂਰ ਹੋ ਗਈ। ਸਿਰਫ਼ ਉਹੀ ਮਨੁੱਖ ਇਕਾਂਤ ਅਵਸਥਾਂ ਵਿਚ, ਅਡੋਲ ਅਵਸਥਾਂ ਵਿਚ ਰਹਿੰਦਾ ਹੈ, ਜਿਸ ਦਾ ਹਿਰਦਾ ਸ਼ਾਂਤ ਹੈ ਤੇ ਜਿਸ ਦਾ ਹਿਰਦਾ ਇਕ ਥਾਂ ਟਿਕਿਆ ਹੋਇਆ ਹੈ। ਉਹੀ ਮਨੁੱਖ ਅਡੋਲ ਚਿੱਤ ਵਾਲਾ ਹੈ, ਜਿਹੜਾ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖੁ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਮੈਂ ਉਸ ਮਨੁੱਖ ਤੋਂ ਸਦਕੇ ਜਾਂਦਾ ਹਾਂ, ਜਿਹੜਾ ਹਰ ਥਾਂ ਇਕ ਅਕਾਲ ਪੁਰਖੁ ਨੂੰ ਹੀ ਭਾਲਦਾ ਹੈ, ਜਿਸ ਦੇ ਮਨ ਵਿਚ ਇਕ ਅਕਾਲ ਪੁਰਖੁ ਨਾਲ ਹੀ ਪਿਆਰ ਹੈ, ਜਿਸ ਦੇ ਚਿੱਤ ਵਿਚ ਇਕ ਅਕਾਲ ਪੁਰਖੁ ਦੇ ਦਰਸਨ ਦੀ ਛੁਹ ਪ੍ਰਾਪਤ ਕਰਨ ਦੀ ਤਾਂਘ ਹੈ, ਜਿਹੜਾ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਸਭ ਰਸਾਂ ਤੋਂ ਸ੍ਰੇਸ਼ਟ ਰਸ, ਅਕਾਲ ਪੁਰਖੁ ਦੇ ਨਾਮੁ ਦਾ ਰਸ ਮਾਣਦਾ ਰਹਿੰਦਾ ਹੈ।

ਬਸੰਤੁ ਮਹਲਾ 5 ॥ ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥ ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥ ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥1॥ ਗ੍ਰਿਹਿ ਤਾ ਕੇ ਬਸੰਤੁ ਗਨੀ ॥ ਜਾ ਕੈ ਕੀਰਤਨੁ ਹਰਿ ਧੁਨੀ ॥1॥ ਰਹਾਉ ॥ ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥ ਗਿਆਨੁ ਕਮਾਈਐ ਪੂਛਿ ਜਨਾਂ ॥ ਸੋ ਤਪਸੀ ਜਿਸੁ ਸਾਧ ਸੰਗੁ ॥ ਸਦ ਧਿਆਨੀ ਜਿਸੁ ਗੁਰਹਿ ਰੰਗੁ ॥2॥ ਸੇ ਨਿਰਭਉ ਜਿਨ'' ਭਉ ਪਇਆ ॥ ਸੋ ਸੁਖੀਆ ਜਿਸੁ ਭ੍ਰਮੁ ਗਇਆ ॥ ਸੋ ਇਕਾਂਤੀ ਜਿਸੁ ਰਿਦਾ ਥਾਇ ॥ ਸੋਈ ਨਿਹਚਲੁ ਸਾਚ ਠਾਇ ॥3॥ ਏਕਾ ਖੋਜੈ ਏਕ ਪ੍ਰੀਤਿ ॥ ਦਰਸਨ ਪਰਸਨ ਹੀਤ ਚੀਤਿ ॥ ਹਰਿ ਰੰਗ ਰੰਗਾ ਸਹਜਿ ਮਾਣੁ ॥ ਨਾਨਕ ਦਾਸ ਤਿਸੁ ਜਨ ਕੁਰਬਾਣੁ ॥4॥3॥ (1180)

RH1 / E-8, Sector-8,
Vashi, Navi Mumbai - 400703

**e-mail:** sarbjitsingh@yahoo.com

ਨੋਟ: ਸਾਡੀ ਅਧਿਕ੍ਰਿਤ Website - **www.amritkirtan.com** ਫਿਲਹਾਲ update ਕੀਤੀ ਜਾ ਰਹੀ ਹੈ। ਬਹੁਤ ਜਲਦ ਇਸ ਦਾ ਨਵਾਂ ਸਰੂਪ ਤੁਸੀਂ access ਕਰ ਪਾਓਂਗੇ।

# ਰਾਗ ਸਾਰੰਗ

ਪ੍ਰਿੰ. ਦਿਆਲ ਸਿੰਘ

ਰਾਗ ਸਾਰੰਗ ਜਾਂ ਬਿੰਦ੍ਰਾਬਨੀ ਸਾਰੰਗ ਇੱਕ ਮਧੁਰ ਪ੍ਰਕ੍ਰਿਤੀ ਦਾ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹ ਰਾਗ ਸਾਰੰਗ ਦੇ ਨਾਮ ਤੋਂ ਹੀ ਵਿਰਾਜਮਾਨ ਹੈ। ਇਸ ਦੇ ਕਈ ਪ੍ਰਕਾਰ ਹਨ – ਸ਼ੁੱਧ ਸਾਰੰਗ, ਨੂਰ ਸਾਰੰਗ, ਮਧੁਮਾਧ ਸਾਰੰਗ, ਗੌਂਡ ਸਾਰੰਗ, ਲੰਕ-ਦਹਿਣ ਸਾਰੰਗ, ਆਦਿ।

ਇਹ ਰਾਗ ਪੁਰਾਤਨ ਸੰਗੀਤਾਂ ਅਤੇ ਲੋਕ ਧੁੰਨ ਦੋਨਾਂ ਵਿੱਚ ਪਾਇਆ ਜਾਂਦਾ ਹੈ। ਭਾਰਤ ਦੇ ਰਾਜਸਥਾਨੀ ਅਤੇ ਗੁਜਰਾਤੀ ਲੋਕ ਸੰਗੀਤ ਵਿੱਚ ਇਹ ਰਾਗ ਆਮ ਸੁਣਨ ਨੂੰ ਮਿਲਦਾ ਹੈ।

ਇਸ ਰਾਗ ਵਿੱਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀਆਂ ਪੜਤਾਲਾਂ ਵੀ ਸੁਸ਼ੋਭਿਤ ਹਨ।

**ਵਾਦੀ** – ਰੇ, **ਸੰਵਾਦੀ** – ਪਾ

**ਠਾਠ** – ਕਾਫੀ (ਸੁਰਲਿਪੀ ਕਰਤਾ ਅਨੁਸਾਰ)

**ਜਾਤੀ** – ਓਡਵ-ਓਡਵ

**ਸਮਾਂ** – ਸ਼ਿਖਰ ਦੁਪਹਿਰ

ਆਰੋਹ: ਨੀ. ਸਾ, ਰੇ, ਮਾ ਪਾ, ਨੀ ਸਾਂ

ਅਵਰੋਹ: ਸਾਂ, ਨੀ ਪਾ, ਮਾ ਰੇ, ਸਾ

ਮੁੱਖ ਅੰਗ: ਮਾ ਪਾ, ਨੀ ਸਾਂ, ਨੀ ਪਾ, ਮਾ ਰੇ, ਸਾ

**ਸਰੋਤ**: ਗੁਰਮਤ ਸੰਗੀਤ ਸਾਗਰ – ਭਾਗ ਪਹਿਲਾ

**੩. ਰਾਗ ਸਾਰੰਗ** (ਬਿੰਦ੍ਰਬਨੀ ਸਾਰੰਗ), **ਤਿੰਨਤਾਲ (ਮੱਧਜ ਲਯ)**

**ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥**
**ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ ॥੧॥ ਰਹਾਉ ॥**
**ਜੀਅ ਹੀਅ ਪ੍ਰਾਨ ਕੋ ਦਾਤਾ ਜਾ ਕੈ ਸੰਗਿ ਸੁਹਾਈ ॥**
**ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ ਪ੍ਰਭ ਮੰਗਲ ਗੁਣ ਗਾਈ ॥੧॥**
**ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਾਈ ॥**
**ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ ਬਲਿ ਬਲਿ ਤਾ ਕੈ ਹਉ ਜਾਈ ॥੨॥੩॥੧੭॥**

(ਰਾਗ ਸਾਰੰਗ ਮ: ੫, ਪੰਨਾ ੧੨੦੭)


## ਅਸਥਾਈ

| ੦ | | | | ੩ | | | | × | | | | ੨ | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਨ | |
| | | | | | | | | | | | | | | ਸਂ | — |
| | | | | | | | | | | | | | | ਕਿਉ | ऽ |
| | | | | | | | | ਮ | | | | | | | |
| ਨ਼ | ਪ | ਧ | ਪਅ | ਰ | ਮ | ਪ | ਮ | ਰ | — | — | — | ਸ | — | — | — |
| ਜੀ | ਵ | ਨ | ਪ੍ਰੀਤ | ਤ | ਮ | ਬਿ | ਨ | ਮਾ | ऽ | ऽ | ऽ | ਢੀ | ऽ | ऽ | ऽ |
| ਧ਼ | — | ਸ | — | ਰ | ਰ | ਸ | ਸ | ਨ਼ | ਪ | ਨ਼ | ਨ਼ | ਸ | ਸ | ਸ | — |
| ਜਾ | ऽ | ਕੇ | ऽ | ਬਿ | ਛ | ਰ | ਤ | ਹੌ | ऽ | ਤ | ਮਿ | ऽਰ | ਤ | ਕਾ | ऽ |
| ਨ਼ | ਸ | ਰ | ਮ | ਪ | ਨ | ਸਂ | ਰਂ | ਸਂ | — | — | — | ਨ | ਪ | | |
| [illegible] | ਹ | ਮ | ਹਿ | ਰ | ਹ | ਨ | ਨ | ਜਾ | ऽ | ऽ | ऽ | ਢੀ | ऽ | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | ਸਂ | | | |
| ਮ | ਮ | ਪ | — | ਨੁ | ਪ | ਨ | — | ਸਂ | — | ਸਂ | ਰਂ | ਨ | — | ਸਂ | — |
| ਜੀ | ਅ | ऽ | ऽ | ਹੀ | ਅ | ऽ | ऽ | ਪ੍ਰਾ | ऽ | ਨ | ਕੌ | ਦਾ | ऽ | ਤਾ | ऽ |
| ਸਂ | — | — | — | ਮਂ | — | — | — | — | — | — | — | — | — | — | — |
| ਨ | ਸਂ | ਰਂ | — | ਰਂ | ਮ | ਰਂ | ਸਂ | ਨ | ਸਂ | ਰਂ | ਸਂ | ਨੁ | ਪ | | |
| ਜਾ | ऽ | ਕੇ | ऽ | ਸੈ | ऽ | ਗ | ਸ | ਗ੍ਰਾ | ऽ | ऽ | ऽ | ਢੀ | ऽ | | |

—ਬਾਕੀ ਤੁਕਾਂ ਅੰਤਰੇ ਕੇ ਲਾਓ ।





ਪ੍ਰੋ. ਗੁਰਬਖਸ਼ ਸਿੰਘ ਦੀ ਨਵੀਂ ਕਿਤਾਬ

THE ALP GROUP

# EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS




# PIONEERING ENGINEERING SOLUTIONS IN RUBBER & PLASTIC

















THE ALP GROUP


**Corporate Office:**
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgroupup.in
E-mail: alp@anbros.com